
ਤ੍ਰੈਮਾਸਿਕ ਪੁਸਤਕ ਲੜੀ ਨੰ: 81-83

ਅਪ੍ਰੈਲ 2020 - ਦਸੰਬਰ 2020

ISSN 2277-3266

# ਜਾਗੋ ਇੰਟਰਨੈਸ਼ਨਲ



ਮੁੱਖ ਸੰਪਾਦਕ: ਡਾ. ਭਗਵੰਤ ਸਿੰਘ

ਮਾਲਵਾ ਰਿਸਰਚ ਸੈਂਟਰ, ਪਟਿਆਲਾ (ਰਜਿ.)

ਰਜਿ. ਨੰ. 0113

**JAGO**
*INTERNATIONAL*
April 2020 - December 2020

₹ 200/-
$ 40

ਤ੍ਰੈਮਾਸਿਕ ਪੁਸਤਕ ਲੜੀ

# ਜਾਗੋ ਇੰਟਰਨੈਸ਼ਨਲ

ISSN 2277-3266

(ਪੁਨਰ ਪ੍ਰਕਾਸ਼ਨ) ਸਾਲ ਤੇਰਵਾਂ ਪੁਸਤਕ ਲੜੀ ਨੰ. 81-82-83 ਅਪ੍ਰੈਲ-ਦਸੰਬਰ 2020

ਸਰਪ੍ਰਸਤ/ਬਾਨੀ ਸੰਪਾਦਕ : ਪ੍ਰੋ. ਸ਼ੇਰ ਸਿੰਘ ਕੰਵਲ (ਯੂ. ਐਸ. ਏ.)
ਪ੍ਰੇਰਣਾ : ਬਾ. ਕੇ. ਨਾਰਾਇਣ
ਸਲਾਹਕਾਰ
ਤੇਜਵੰਤ ਮਾਨ (ਡਾ.) ਰਛਪਾਲ ਸਿੰਘ ਗਿੱਲ, ਹਰੀਸ਼ ਜੈਨ
ਟੋਨੀ ਸੰਧੂ-ਕੈਨੇਡਾ, ਡਾ. ਸਵਰਾਜ ਸਿੰਘ
ਡਾ. ਈਸ਼ਵਰਦਾਸ ਸਿੰਘ, ਪ੍ਰੋ. ਅਮਰਜੀਤ ਸਿੰਘ, ਭੁਪਿੰਦਰ ਸਿੰਘ ਮੱਲ੍ਹੀ (ਕੈਨੇਡਾ)
ਕਾਨੂੰਨੀ ਸਲਾਹਕਾਰ (ਆਨਰੇਰੀ)
ਕਰਨਲ ਸੁਰਜੀਤ ਸਿੰਘ ਚੀਮਾ (ਰਿਟਾ.), ਐਡਵੋਕੇਟ, ਦਰਬਾਰਾ ਸਿੰਘ ਢੀਂਡਸਾ ਐਡਵੋਕੇਟ
ਮੁੱਖ ਸੰਪਾਦਕ (ਆਨਰੇਰੀ)
ਭਗਵੰਤ ਸਿੰਘ (ਡਾ.) ਮੋਬਾ. : 98148-51500
ਸੰਪਾਦਕੀ ਮੰਡਲ (ਆਨਰੇਰੀ)
ਰਮਿੰਦਰ ਕੌਰ (ਡਾ.), ਰਛਪਾਲ ਕੌਰ, ਮਧੂ ਬਾਲਾ (ਡਾ.), ਡਾ. ਗਿਆਨ ਚੰਦ ਜੈਨ
ਡਾਇਰੈਕਟਰ (ਆਨਰੇਰੀ) : ਜਗਦੀਪ ਸਿੰਘ, ਗੰਦਾਰਾ, ਐਡਵੋਕੇਟ
ਬਿਊਰੋ ਚੀਫ : ਦਰਸ਼ਨ ਖੋਖਰ
ਸਰਕੂਲੇਸ਼ਨ : ਅਮਰੀਕ ਗਿੱਲ ਆਸਟ੍ਰੇਲੀਆ
ਜਨ ਸੰਪਰਕ : ਸੰਦੀਪ,
ਫੋਟੋ: ਦਰਪਨ-92165-34418/ਸੱਚਰ-93162-09903
*ਚਿੱਠੀ ਪੱਤਰ ਰਚਨਾਵਾਂ ਤੇ ਚੰਦੇ ਭੇਜਣ ਲਈ ਪਤਾ*
*ਦੇਸ : ਆਈ 109, ਲੇਨ-5, ਮਜੀਠੀਆ ਇਨਕਲੇਵ,*
*ਨੇੜੇ 24 ਨੰ. ਫਾਟਕ, ਪਟਿਆਲਾ.*
*# ਪਿੰਡ ਤੇ ਡਾਕਖਾਨਾ ਮੰਗਵਾਲ, ਤਹਿ. ਤੇ ਜ਼ਿਲ੍ਹਾ ਸੰਗਰੂਰ-147001*
*ਫੋਨ : 01672-250461*
**E-mail : jagointernational@yahoo.com**
**blog: jagointernational.wordpress.com**
**Facebook : www.facebook.com/bhagwant.singh.798**
**ਵਿਦੇਸ਼ : 12016-N, 36th Street, PHOENIX AZ 85028 USA**
ਡਿਜ਼ਾਈਨਿੰਗ : ਬਲਜਿੰਦਰ ਸਿੰਘ, : 092167-29598, akashdeep.1064@gmail.com
ਸਹਿਯੋਗ
ਇਕ ਅੰਕ ਦੇਸ 50/-, ਵਿਦੇਸ਼ 10 ਡਾਲਰ, 6 ਪੌਂਡ
ਸਾਲਾਨਾ ਚੰਦਾ : ਦੇਸ - 200/- ਰੁਪਏ, ਵਿਦੇਸ਼-40 ਡਾਲਰ, 20 ਪੌਂਡ,
ਜੀਵਨ ਮੈਂਬਰ : ਦੇਸ - 2000 ਰੁ., ਵਿਦੇਸ਼ 400 ਡਾਲਰ
ਇਹ ਅੰਕ ਦੇਸ 150/- ਰੁਪਏ ਵਿਦੇਸ਼ 30 ਡਾਲਰ, 18 ਪੌਂਡ

ਜਾਗੋ ਇੰਟਰਨੈਸ਼ਨਲ ਵਿਚ ਛਪੇ ਵਿਚਾਰ ਲੇਖਕਾਂ ਦੇ ਨਿੱਜੀ ਹਨ, ਸੰਪਾਦਕ ਦਾ ਉਨ੍ਹਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪ੍ਰੋ. ਸ਼ੇਰ ਸਿੰਘ ਢਿੱਲੋਂ ਨੇ ਮਾਲਵਾ ਰਿਸਰਚ ਸੈਂਟਰ, ਪਟਿਆਲਾ (ਰਜਿ.) ਲਈ ਪ੍ਰਕਾਸ਼ਿਤ ਕੀਤਾ।

ਡਿਸਟ੍ਰੀਬਿਊਟਰ :
ਯੂਨੀਸਟਾਰ ਬੁੱਕਸ ਪ੍ਰਾਈਵੇਟ ਲਿਮਿਟਡ,
301, ਇੰਡਸਟਰੀਅਲ ਏਰੀਆ, ਫੇਜ਼-9, ਐਸ.ਏ.ਐਸ. ਨਗਰ, ਮੋਹਾਲੀ-ਚੰਡੀਗੜ੍ਹ (ਭਾਰਤ)
email : unistarbooks@gmail.com | Website : www.unistarbooks.com
Ph: +91-172-5027427, 5027429, 4027552

# ਤਤਕਰਾ

| ਲੜੀ. | ਵਿਸ਼ਾ | ਪੰਨਾ |
|---|---|---|
| 1. | ਸੰਪਾਦਕੀ/ਡਾ. ਭਗਵੰਤ ਸਿੰਘ | 3 |
| 2. | ਮੋਢਾ/–ਪ੍ਰੋ. ਸ਼ੇਰ ਸਿੰਘ ਕੰਵਲ | 5 |
| 3. | "ਤੈਤੀਰੀਯੋਪਨਿਸ਼ਦ"/– ਡਾ. ਮਧੂ ਬਾਲਾ | 6 |
| 4. | ਨਜ਼ਮ/– ਬਾ. ਕੇ. ਨਾਰਾਯਣ | 7 |
| 5. | ਮਾਲਵਾ ਇਤਿਹਾਸ/– ਪੰਡਤ ਕਰਤਾਰ ਸਿੰਘ ਦਾਖਾ | 8 |
| 6. | ਸਾਡਾ ਪੰਜਾਬ ਕਿਹੜਾ/– ਹਰਭਜਨ ਸਿੰਘ ਬੈਂਸ | 9 |
| 7. | ਮੈਂ ਪੰਜਾਬ ਹਾਂ/–ਰਵੇਲ ਸਿੰਘ ਭਿੰਡਰ | 10 |
| 8. | ਬਾਰਾਂ ਮਾਹਾਂ/– ਸੁਰਜੀਤ ਸਿੰਘ ਦਿਹੜ | 11 |
| 9. | ਵਿਸਾਖੀ/– ਪ੍ਰੋ. ਸਾਧੂ ਸਿੰਘ ਪਨਾਗ/ਮਾਂ-ਪੰਜਾਬੀ ਬੋਲੀ/– ਨਵਦੀਪ ਕੌਰ | 21 |
| 10. | ਡਾ. ਜਸਵੰਤ ਸਿੰਘ ਨੇਕੀ ਰਚਿਤ 'ਕਰੁਣਾ ਦੀ ਛੁਹ ਤੋਂ ਮਗਰੋਂ': ਮਨੋਵਿਗਿਆਨਕ ਅਧਿਐਨ/– ਹਰਪ੍ਰੀਤ ਕੌਰ ਖ਼ਾਲਸਾ | 22 |
| 11. | ਸਮਾਜਿਕ ਸਰੋਕਾਰਾਂ ਨੂੰ ਪਰਨਾਈ ਸ਼ਿਅਰੀਅਤ/– ਤੇਜਵੰਤ ਮਾਨ (ਡਾ.) | 30 |
| 12. | ਬਿਆਨ/– ਕੰਵਲਜੀਤ ਕੌਰ ਜੁਨੇਜਾ | 37 |
| 13. | ਮੰਟੋ ਦੇ ਅਫ਼ਸਾਨਿਆਂ ਵਿਚ ਹਕੀਕਤ ਨਿਗਾਰੀ ਮੂਲ : ਐਮ. ਆਰਫ ਕਾਲੀ/– ਅਨੁਵਾਦ : ਰਘਬੀਰ ਸਿੰਘ ਭਰਤ | 42 |
| 14. | ਚੀਕ ਬੁਲਬੁਲੀ/– ਅਮਰਜੀਤ ਕਸਕ | 45 |
| 15. | ਕੋਰੋਨਾ ਦਾ ਕਹਿਰ/–ਡਾ. ਆਰ.ਐਸ. ਰੰਧਾਵਾ | 46 |
| 16. | ਨਜ਼ਮ/–ਡਾ. ਮੇਹਰ ਮਾਣਕ | 48 |
| 17. | ਕਵਿਤਾ/– ਜੋਗਿੰਦਰ ਕੌਰ ਅਗਨੀਹੋਤਰੀ | 49 |
| 18. | ਕਟਹਿਰੇ 'ਚ ਭਾਰਤੀ ਨਿਆਂ ਪ੍ਰਣਾਲੀ ਕਿਵੇਂ ?/– ਡਾ. ਅਜੀਤਪਾਲ ਸਿੰਘ ਐਮ.ਡੀ | 50 |
| 19. | ਮਰਸੀਆ-ਏ-ਬਾਦਲ: ਇਕ ਅਧਿਐਨ ਰਚਿਤ ਗੁਰਦਰਸ਼ਨ ਬਾਦਲ/– ਡਾ. ਰੁਪਿੰਦਰਜੀਤ ਗਿੱਲ | 55 |
| 20. | ਪੰਜਾਬੀ ਕਾਵਿ ਦੀ ਪਹਿਲੀ ਕਵਿੱਤਰੀ ਪੀਰੋ/– ਡਾ. ਭਗਵੰਤ ਸਿੰਘ | 58 |
| 21. | ਚੀਨ ਅਮਰੀਕਾ ਸ਼ੀਤ ਯੁੱਧ ਵਿਚ ਭਾਰਤ ਦਾ ਨਿਰਪੱਖ ਰਹਿਣਾ ਬਿਹਤਰ/– ਡਾ. ਸਵਰਾਜ ਸਿੰਘ | 68 |
| 22. | ਕੁੱਤਾ ਖੂਹ ਵਿਚ/– ਸ਼ਿਵਦੇਵ ਸਿੰਘ ਸੰਧਾਵਾਲੀਆਂ | 71 |
| 23. | ਉਰਦੂ ਕਹਾਣੀ-ਕੁਆਰੰਟਾਈਨ/– ਰਾਜਿੰਦਰ ਸਿੰਘ ਬੇਦੀ | 75 |
| 24. | ਪੰਜਾਬੀ ਕਿੱਸਾ-ਕਾਵਿ ਵਿੱਚ ਕਥਾ-ਜੁਗਤ ਵਿਧੀਆਂ/– ਮਨਮੋਹਨ ਕੌਰ | 82 |
| 25. | ਹਨੇਰੇ ਉੱਤੇ ਜਿੱਤ ਦੀ ਗਾਥਾ: ਹੈਲੇਨ ਕੇਲਰ/– ਕੁਲਵੰਤ ਕਸਕ | 88 |
| 26. | ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ: ਨਾਰੀਵਾਦੀ ਪਰਿਪੇਖ/– ਹਰਜਿੰਦਰ ਪਾਲ ਕੌਰ | 93 |
| 27. | ਬੰਗੀਆ ਭਾਸ਼ਾ ਦੀ ਮੁੰਡਾਰੀ, ਕੁਰਕੂ ਅਤੇ ਸੰਥਾਲੀ ਭਾਸ਼ਾਵਾਂ ਦੀ ਕਿਰਿਆ ਵਿਸ਼ੇਸ਼ਣ ਸ਼ਬਦ ਸ਼੍ਰੇਣੀ ਨਾਲ ਤੁਲਨਾ/– ਲਖਵਿੰਦਰ ਸਿੰਘ | 98 |
| 28. | ਤ੍ਰਿਵੇਣੀ (ਪਿੱਪਲ, ਬੋਹੜ ਅਤੇ ਨਿੰਮ) ਨਾਲ ਸੰਬੰਧਿਤ ਲੋਕ ਵਿਸ਼ਵਾਸ/– ਅਮਨਦੀਪ ਕੌਰ | 104 |
| 29. | ਕਰਮਜੀਤ ਸਿੰਘ ਕੁੱਸਾ ਦੇ ਨਾਵਲਾਂ ਵਿੱਚ ਔਰਤ ਦੇ ਸ਼ੋਸ਼ਣ ਦੀ ਪੇਸ਼ਕਾਰੀ/– ਜਸਲੀਨ ਕੌਰ | 114 |
| 30. | ਭਗਤ ਕਬੀਰ ਜੀ ਦਾ ਜੀਵਨ: ਤੱਥ ਮੁਲੰਕਣ/– ਅਮਰੀਕ ਸਿੰਘ | 119 |
| 31. | ਸਾਧੂ ਵਿਰਤੀ ਦਾ ਮਾਲਕ-ਡਾ. ਭਗਵੰਤ ਸਿੰਘ/– ਦਰਸ਼ਨ ਸਿੰਘ ਪ੍ਰੀਤੀਮਾਨ | 131 |
| 32. | ਭੰਡਕੀ (ਭੰਡ ਬਰਾਦਰੀ ਦੀ ਬੋਲੀ) ਦੀ ਧੁਨੀ ਵਿਉਂਤ : ਇਕ ਅਧਿਐਨ/– ਹਰਪ੍ਰੀਤ ਕੌਰ | 133 |
| 33. | ਸਿੰਘ ਸਭਾ ਲਹਿਰ ਅਤੇ ਅੰਗ੍ਰੇਜ਼ ਰਾਜ ਦੀ ਨੀਤੀ/ – ਗੁਰਪ੍ਰੀਤ ਸਿੰਘ | 144 |
| 34. | ਬਲਦੇਵ ਸਿੰਘ ਦਾ ਨਾਵਲ 'ਅੰਨਦਾਤਾ' : ਵਿਭਿੰਨ ਸਰੋਕਾਰ/– ਡਾ. ਹਰਜਿੰਦਰ ਸਿੰਘ | 149 |
| 35. | 'ਬਚਿੱਤਰ ਨਾਟਕ' ('ਅਪਨੀ-ਕਥਾ') ਦਾ ਰੱਬ/– ਗੁਰਤੇਜ ਸਿੰਘ | 158 |
| 36. | ਬਲਵੰਤ ਗਾਰਗੀ ਅਤੇ ਮੋਹਨ ਰਾਕੇਸ਼ ਦੇ 'ਸੁਲਤਾਨ ਰਜ਼ੀਆ' ਅਤੇ 'ਆਸ਼ਾੜ੍ਹ ਕਾ ਏਕ ਦਿਨ' ਇਤਿਹਾਸਕ ਨਾਟਕਾਂ ਵਿਚ ਆਧੁਨਿਕ ਜੀਵਨ ਦੀ ਝਲਕ/– ਅਮਨਦੀਪ ਕੌਰ | 164 |
| 37. | "ਇੱਕ ਸੀ ਮੰਟੋ"/– ਦਲਜੀਤ ਸਿੰਘ ਸ਼ਾਹੀ ਐਡਵੋਕੇਟ | 176 |
| 38. | ਪੰਜਾਬੀ ਦੰਤ ਕਥਾਵਾਂ ਦਾ ਇਤਿਹਾਸ ਦੇ ਵਿਕਲਪ (Alternative) ਵਜੋਂ ਅਧਿਐਨ/– ਹਰਦੀਪ ਸਿੰਘ | 180 |
| 39. | ਮਾਝਾ: ਭੂਗੋਲਿਕ, ਇਤਿਹਾਸਕ ਅਤੇ ਸਭਿਆਚਾਰਕ ਪਿਛੋਕੜ/ *ਡਾ. ਗੁਰਸੇਵਕ ਲੰਬੀ/ **ਗੁਰਮਨਦੀਪ ਕੌਰ | 186 |
| 40. | ਨਾਰੀ ਸ਼ਕਤੀ ਦੁਰਗਾ : ਨਾਰੀ ਦੇ ਸੰਦਰਭ ਵਿਚ/– ਡਾ. ਜਸਬੀਰ ਕੌਰ | 195 |
| 41. | ਕਿਧਰ ਗਿਆ ਮੇਰਾ ਸਵਤੰਤਰ ਹਿੰਦੁਸਤਾਨ/–ਚੰਦਰ ਪ੍ਰਕਾਸ਼ | 202 |
| 42. | ਪੁਸਤਕ ਚਰਚਾ | 103 |
| 43. | ਪੁਸਤਕ ਰਿਵਿਊ | 105 |
| 44. | ਸਾਹਿਤਕ ਸਰਗਰਮੀਆਂ/ਪੇਸ਼ਕਸ਼ : ਸੰਦੀਪ ਸਿੰਘ | 208 |
| 45. | ਪ੍ਰਾਪਤ ਪੁਸਤਕਾਂ | 216 |

# ਬਲਦੇਵ ਸਿੰਘ ਦਾ ਨਾਵਲ 'ਅੰਨਦਾਤਾ' : ਵਿਭਿੰਨ ਸਰੋਕਾਰ

- ਡਾ. ਹਰਜਿੰਦਰ ਸਿੰਘ

ਬਲਦੇਵ ਸਿੰਘ ਯਥਾਰਥਵਾਦੀ ਜ਼ਾਵੀਏ ਤੋਂ ਗਲਪ-ਬਿੰਬ ਉਸਾਰਨ ਵਾਲਾ ਅਜਿਹਾ ਹਸਤਾਖਰ ਹੈ, ਜਿਸ ਨੇ ਆਪਣੀਆਂ ਰਚਨਾਵਾਂ ਰਾਹੀਂ ਪੰਜਾਬੀ ਪਾਠਕਾਂ ਤੇ ਵਿਦਵਾਨਾਂ ਦਾ ਧਿਆਨ ਆਕਰਸ਼ਿਤ ਕੀਤਾ ਹੈ। ਉਸ ਕੋਲ ਜੀਵਨ ਯਥਾਰਥ ਦੇ ਅਣਗੌਲੇ ਪੱਖਾਂ ਦਾ ਮੌਲਿਕ ਅਨੁਭਵ ਹੈ, ਜਿਸ ਦੀ ਕਲਾਤਮਕ ਪੇਸ਼ਕਾਰੀ ਰਾਹੀਂ ਉਸ ਨੇ ਪੰਜਾਬੀ ਸਾਹਿਤ ਦਾ ਘੇਰਾ ਹੋਰ ਵਸੀਹ ਕੀਤਾ ਹੈ।[1] 'ਅੰਨਦਾਤਾ' 2002 ਵਿਚ ਛਪਿਆ ਉਸ ਦਾ ਮਹੱਤਵਪੂਰਨ ਨਾਵਲ ਹੈ ਜਿਸ ਨੇ ਸਾਹਿਤਕ ਹਲਕਿਆਂ ਵਿਚ ਗੰਭੀਰ ਚਰਚਾ ਛੇੜੀ ਹੈ। ਇਹ ਉਹ ਨਾਵਲ ਹੈ, ਜਿਹੜਾ ਪੰਜਾਬੀ ਕਿਸਾਨੀ ਦੇ ਸਮਕਾਲੀ ਦੁਖਾਂਤ ਤੇ ਸੰਤਾਪ ਦਾ ਮਹਾਂਕਾਵਿਕ ਬਿਰਤਾਂਤ ਸਿਰਜਦਾ ਹੈ।[2] ਪੰਜਾਬ ਦੀ ਕਿਸਾਨੀ ਨਾਲ ਪਿਛਲੇ ਵਰ੍ਹਿਆਂ ਵਿਚ ਜੋ ਵਾਪਰ ਗਿਆ ਹੈ, ਜੋ ਵਾਪਰ ਰਿਹਾ ਹੈ ਤੇ ਅਜੇ ਜੋ ਨਿਘਾਰ ਆਉਣ ਦੀਆਂ ਸੰਭਾਵਨਾਵਾਂ ਹਨ, ਉਸ ਨਾਲ ਇਹ ਨਾਵਲ ਜੁੜਿਆ ਹੋਇਆ ਹੈ। ਪੰਜਾਬ ਦੀ ਕਿਸਾਨੀ ਦੀ ਤ੍ਰਾਸਦੀ ਨੂੰ ਇਹ ਨਾਵਲ ਸੰਪੂਰਨਤਾ ਨਾਲ ਪੇਸ਼ ਕਰਦਾ ਹੈ। ਇਹ ਤ੍ਰਾਸਦੀ ਆਰਥਿਕ, ਸਮਾਜਕ, ਸਭਿਆਚਾਰਕ ਤੇ ਮਾਨਸਿਕ ਹੈ, ਇਕਹਿਰੀ ਨਹੀਂ, ਇਨ੍ਹਾਂ ਸਭ ਦੀਆਂ ਤੰਦਾਂ ਆਪਸ ਵਿਚ ਜੁੜੀਆਂ ਹੋਈਆਂ ਹਨ।[3] ਇਸ ਤਰ੍ਹਾਂ ਜਦੋਂ ਪੇਂਡੂ ਨਿਮਨ ਕਿਸਾਨੀ ਨੂੰ ਦਰਪੇਸ਼ ਸੰਕਟਾਂ/ਤ੍ਰਾਸਦੀਆਂ ਦੀਆਂ ਜੜ੍ਹਾਂ ਦੀ ਨਿਸ਼ਾਨਦੇਹੀ ਕਰਦੇ ਹਾਂ ਤਾਂ ਇਨ੍ਹਾਂ ਦਾ ਪ੍ਰਸੰਗ ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਨਾਲ ਜਾ ਜੁੜਦਾ ਹੈ। ਇਨ੍ਹਾਂ ਦਹਾਕਿਆਂ ਵਿਚ ਵਿਸ਼ਵੀਕਰਨ ਦੀ ਪ੍ਰਕਿਰਿਆ ਸ਼ੁਰੂ ਹੁੰਦੀ ਹੈ ਜਿਸ ਦਾ ਪ੍ਰਭਵ ਪੰਜਾਬੀ ਸਮਾਜ 'ਤੇ ਪੈਣਾ ਅਨਿਵਾਰੀ ਹੋ ਜਾਂਦਾ ਹੈ। ਵਿਸ਼ਵੀਕਰਨ ਦੇ ਪ੍ਰਭਾਵ ਤਹਿਤ ਸਾਹਿਤ ਵਿਚ ਚਿੰਤਨ ਦੇ ਪੱਧਰ 'ਤੇ ਉਤਰ-ਆਧੁਨਿਕਤਾ ਦਾ ਸੰਕਲਪ ਉਭਰਿਆ ਜਿਸ ਵਿਚ ਸਮਾਨੰਤਰ ਵਿਚਾਰਧਾਰਾਵਾਂ ਦਾ ਪ੍ਰਚਲਨ, ਵਿਸ਼ਵੀ-ਪਿੰਡ ਦਾ ਸੰਕਲਪ, ਸੂਚਨਾ ਤੇ ਟੈਕਨਾਲੋਜੀ ਦਾ ਵਿਕਾਸ, ਆਰਥਿਕ ਖੇਤਰ ਵਿਚ ਵਿਸ਼ਵ ਮੰਡੀ ਦਾ ਪਾਸਾਰ ਅਤੇ ਹਾਸ਼ੀਆਗ੍ਰਸਤ (ਹਾਸ਼ੀਆਗਤ ) ਵਰਗਾਂ ਦੇ ਕੇਂਦਰ ਵਿਚ ਆਉਂਣ ਵਰਗੇ ਸੰਕਲਪ ਪੈਦਾ ਹੋਏ। ਸਮਾਜਕ ਅਤੇ ਆਰਥਕ ਖੇਤਰ ਵਿਚ ਹਰੇ ਇਨਕਲਾਬ ਦੇ ਫਲਸਰੂਪ ਖੇਤੀ ਦੀ ਹੋਈ ਵਾਫ਼ਰ ਪੈਦਾਵਾਰ ਅਤੇ ਖੇਤੀ ਆਧਰਿਤ ਸਨਅਤਾਂ ਦੀ ਅਣਹੋਂਦ ਨੇ ਪੇਂਡੂ ਵੱਸੋਂ ਲਈ ਰੁਜ਼ਗਾਰ ਦੇ ਨਵੇਂ ਵਸੀਲਿਆਂ ਅੰਦਰ ਦਾਖਲੇ 'ਤੇ ਅਣ-ਐਲਾਨੀ ਰੋਕ ਲਾ ਦਿੱਤੀ। ਵਿਦਿਆ ਦੇ ਪਾਸਾਰ ਨੇ ਕਿਸਾਨੀ ਅਤੇ ਸਮਾਜਿਕ ਤੌਰ 'ਤੇ ਹਾਸ਼ੀਆਗ੍ਰਸਤ (ਹਾਸ਼ੀਆਗਤ) ਲੋਕਾਂ ਅੰਦਰ ਨਵੀਂ ਚੇਤਨਾ ਦਾ ਸੰਚਾਰ ਕੀਤਾ। ਇਸ ਦੇ ਸਿੱਟੇ ਵਜੋਂ ਨਵੇਂ ਅੰਤਰ-ਵਿਰੋਧ ਸਾਹਮਣੇ ਆਏ। ਕਿਸਾਨੀ ਸਮਾਜ ਅਤੇ ਇਸ ਦੀਆਂ ਸਮਾਜਕ ਸੰਸਥਾਵਾਂ ਦੇ ਪੰਰਪਰਾਗਤ ਸਰੂਪ ਨੂੰ ਨਵੇਂ ਪ੍ਰਬੰਧ ਨੇ ਚੁਣੌਤੀ ਦਿੱਤੀ । ਇਸ ਸਮੁੱਚੇ ਸੰਕਟ ਨੂੰ ਜਿਨ੍ਹਾਂ ਨਾਵਲਕਾਰਾਂ ਨੇ ਉਭਾਰਿਆ, ਉਹਨਾਂ ਵਿਚ ਬਲਦੇਵ ਸਿੰਘ ਦਾ ਨਾਂ ਪ੍ਰਮੁੱਖ ਹੈ। ਉਹ 'ਅੰਨਦਾਤਾ' ਨਾਵਲ ਵਿਚ ਇਸ ਸੰਕਟ ਅਤੇ ਇਸ ਨਾਲ ਜੁੜੇ ਪ੍ਰਸਨਾਂ ਨੂੰ ਉਭਾਰਦਾ ਹੈ। ਇਹ ਨਾਵਲ 'ਅੰਨਦਾਤਾ' ਦੇ ਪਰੰਮਪਰਾਗਤ ਬਿੰਬ ਨੂੰ ਚੁਣੌਤੀ ਦਿੰਦਾ ਹੈ। 'ਉੱਤਮ ਖੇਤੀ' ਦੀ ਮਿੱਥ ਨੂੰ ਵੀ ਤੋੜਦਾ ਹੈ। ਸਮੁੱਚੇ ਸਟੇਟ ਲਈ ਵਾਫ਼ਰ ਪੈਦਾਵਾਰ ਦੇ ਫਲਸਰੂਪ ਮੰਡੀਕਰਨ ਦੀ ਸਮੱਸਿਆ, ਬੇਰੁਜਗਾਰ ਕਿਸਾਨੀ ਲਈ

ਸੰਭਾਵਿਤ ਰਸਤੇ, ਕਿਸਾਨੀ ਵਿਚ ਹੋਈ ਨਵੀਂ ਰਾਜਨੀਤਿਕ ਸਫ਼ਬੰਦੀ, ਸਮਾਜਿਕ ਸੰਸਥਾਵਾਂ ਦੇ ਪਰੰਪਰਾਗਤ ਰੂਪ ਨੂੰ ਮਿਲੀ ਚੁਣੌਤੀ, ਜ਼ਮੀਨ ਦੀ ਵੰਡ ਦੀ ਸਮੱਸਿਆ ਵਰਗੇ ਸਮਕਾਲੀ ਪਰਿਵੇਸ਼ ਦੇ ਮੁੱਦੇ ਇਸ ਨਾਵਲ ਦੀ ਵਸਤ ਦਾ ਕੇਂਦਰ ਬਿੰਦੂ ਹਨ। ਇਹ ਨਾਵਲ ਵਰਤਮਾਨ ਪੇਂਡੂ ਸਮਾਜਚਾਰੇ ਦੀਆਂ ਸਮੱਸਿਆਵਾਂ ਦੇ ਵਿਸਤ੍ਰਿਤ ਰੂਪ ਨੂੰ ਆਪਣੇ ਕਲੇਵਰ ਵਿਚ ਸਮੇਟਦਾ ਹੈ।14 ਇਉਂ ਇਸ ਨਾਵਲ ਰਾਹੀਂ ਬਲਦੇਵ ਸਿੰਘ ਪੇਂਡੂ ਸਮਾਜ ਚਾਰੇ ਦੇ ਵਿਭਿੰਨ ਸਰੋਕਾਰਾਂ ਨੂੰ ਪ੍ਰਸਤੁਤ ਕਰਨ ਦਾ ਸੁਹਿਰਦ ਯਤਨ ਕਰਦਾ ਹੈ।

ਇਸ ਤਰ੍ਹਾਂ ਪੇਂਡੂ-ਸਮਾਜ ਵਿਚਲੀਆਂ ਸਮੱਸਿਆਵਾਂ/ ਸੰਕਟਾਂ/ ਤ੍ਰਾਸਦੀਆਂ/ ਦੁਸ਼ਵਾਰੀਆਂ ਵਿਚ ਘਿਰਿਆ ਹੋਇਆ ਪੇਂਡੂ ਨਿਮਨ ਕਿਸਾਨ ਵਰਗ ਤੇਜ਼ੀ ਨਾਲ ਕੰਗਾਲ ਹੋ ਰਿਹਾ ਹੈ ਅਤੇ ਉਸ ਨੂੰ ਨਵੇਂ ਸਮਾਜਿਕ, ਆਰਥਕ, ਰਾਜਨੀਤਕ ਤੇ ਸਭਿਆਚਾਰਕ ਸਰੋਕਾਰਾਂ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ।

'ਅੰਨਦਾਤਾ' ਨਾਵਲ ਵਿਚ ਬਲਦੇਵ ਸਿੰਘ ਨੇ ਪੰਜਾਬ ਦੇ ਪੇਂਡੂ ਤੇ ਖ਼ਾਸ ਕਰ ਪੇਂਡੂ ਨਿਮਨ ਕਿਸਾਨੀ ਨੂੰ ਦਰਪੇਸ਼ ਸਮਾਜਕ ਸੰਕਟਾਂ ਨੂੰ ਵਿਸੇਸ ਰੂਪ ਵਿਚ ਅਗਰਭੂਮਤ ਕੀਤਾ ਹੈ, ਕਿਉਂਕਿ ਸਮਾਜ ਦੀ ਮੁਢਲੀ ਇਕਾਈ ਪਰਿਵਾਰ ਹੈ ਤੇ ਦੂਜੈਲੀ ਸਥਿਤੀ ਪਿੰਡ ਦੀ ਹੈ। ਇਸ ਨਾਵਲ ਵਿਚ ਵਜ਼ੀਰ ਸਿੰਘ ਦਾ ਪਰਿਵਾਰ ਤੇ ਉਸ ਦੇ ਪੁਰਖਿਆਂ ਦਾ ਬੰਨ੍ਹਿਆ ਹੋਇਆ ਪਿੰਡ (ਚੱਕ ਬੂੜ ਸਿੰਘ) ਦੋਵੇਂ ਤਿੜਕਦੇ ਹਨ। ਵਿਸ਼ਵੀਕਰਨ ਦਾ ਵਿਆਪਕ ਏਜੰਡਾ ਪੂਰੇ ਪੇਂਡੂ ਸਮਾਜਚਾਰੇ ਨੂੰ ਪ੍ਰਭਾਵਿਤ ਹੀ ਨਹੀਂ ਕਰਦਾ ਸਗੋਂ ਤਿੜਕਾਉਂਦਾ ਵੀ ਹੈ। ਇਸ ਤਿੜਕਣ ਨਾਲ ਪੇਂਡੂ ਸਮਾਜਚਾਰਾ ਬੁਰੀ ਤਰ੍ਹਾਂ ਬਿਖ਼ਰ ਜਾਂਦਾ ਹੈ ਤੇ ਰਿਸ਼ਤਿਆਂ ਦੀ ਨਵੀਂ ਸਮੀਕਰਨ ਹੋਂਦ ਵਿਚ ਆਉਂਦੀ ਹੈ। ਸਮਾਜਕ ਰਿਸ਼ਤੇ ਸਮੇਂ ਤੇ ਸਮਾਜ ਦੀਆਂ ਆਰਥਕ ਹਾਲਤਾਂ ਤੋਂ ਵੀ ਪ੍ਰੇਰਿਤ ਹੁੰਦੇ ਹਨ। ਸਮਾਜ ਦੀ ਆਰਥਿਕਤਾ ਕਿਉਂਕਿ ਮਨੁੱਖ ਦੀਆਂ ਲੋੜਾਂ ਨਾਲ ਜੁੜੀ ਹੁੰਦੀ ਹੈ, ਇਨ੍ਹਾਂ ਲੋੜਾਂ ਦੀ ਪੂਰਤੀ ਅਤੇ ਆਰਥਕਤਾ ਵਿਚਾਲੇ ਦਵੰਦਾਤਮਕ ਸੰਬੰਧ ਹੁੰਦਾ ਹੈ। ਇਸ ਲਈ ਸਮਾਜਕ ਰਿਸ਼ਤੇ ਆਰਥਕ ਸਥਿਤੀਆਂ ਵਿਚ ਸਿਰਜੇ ਗਏ ਹੁੰਦੇ ਹਨ। ਆਰਥਿਕਤਾ ਮਨੁੱਖੀ ਰਿਸ਼ਤਿਆਂ ਨੂੰ ਉਸਾਰਨ ਅਤੇ ਪ੍ਰਭਾਵਿਤ ਕਰਨ ਵਿਚ ਮੁੱਖ ਰੂਪ ਵਿਚ ਕਾਰਜਸ਼ੀਲ ਹੁੰਦੀ ਹੈ। ਅਜੋਕੇ ਪੂੰਜੀਵਾਦੀ ਯੁੱਗ ਵਿਚ ਆਰਥਿਕਤਾ ਦਾ ਬੋਲਬਾਲਾ ਵਧੇਰੇ ਹੈ।15 ਪੂੰਜੀਵਾਦ ਨੇ ਪੇਂਡੂ ਸਮਾਜਚਾਰੇ ਵਿਚ ਨਵੇਂ ਪੂੰਜੀਵਾਦੀ ਰਿਸ਼ਤੇ ਪੈਦਾ ਕੀਤੇ ਹਨ ਤੇ ਸਮਾਜਕ ਉਥਲ-ਪੁਥਲ ਕਰਕੇ ਪੇਂਡੂ ਨਿਮਨ ਕਿਸਾਨੀ ਨੂੰ ਗਹਿਰੇ ਸਮਾਜਕ ਸੰਕਟ ਵਿਚ ਧਕੇਲ ਦਿੱਤਾ ਹੈ। ਰਿਸ਼ਤਿਆਂ ਦਾ ਵਿਗਠਨ/ਬਿਖਾਰਾਵ ਬੁਰੀ ਤਰ੍ਹਾਂ ਹੋ ਰਿਹਾ ਹੈ, ਭਾਵ ਵੱਡੀ ਪੱਧਰ 'ਤੇ ਟੁੱਟ-ਭੱਜ ਹੋਣ ਨਾਲ ਰਿਸ਼ਤਿਆਂ 'ਚ ਦੂਰੀਆਂ ਵਧ ਰਹੀਆਂ ਹਨ... ਪੀਡੀਆਂ ਸਮਾਜਕ ਤੰਦਾਂ ਟੁੱਟ ਕੇ ਬਿਖਰਣ ਨਾਲ ਇਕੱਲਤਾ, ਬੇਗਾਨਗੀ ਦੀ ਦਰ ਵਿਚ ਵਾਧਾ ਹੋ ਰਿਹਾ ਹੈ।16 ਨਾਵਲ ਵਿਚ ਵਸਾਖਾ ਸਿੰਘ ਦਾ ਪਰਿਵਾਰ ਤੇ ਪੂਰਾ ਪੇਂਡੂ ਸਮਾਜਚਾਰਾ ਅਜਿਹੀਆਂ ਸਥਿਤੀਆਂ ਦਾ ਹੀ ਸੰਤਾਪ ਭੋਗ ਰਹੇ ਹਨ। ਵਸਾਖਾ ਸਿੰਘ ਦੀ ਅਗਲੀ ਪੀੜ੍ਹੀ ਜਿਸਦਾ ਪ੍ਰਤੀਨਿਧ ਵਜ਼ੀਰ ਸਿੰਘ ਹੈ, ਉਸ ਤੋਂ ਰਿਸ਼ਤਿਆਂ ਦਾ ਵਿਗਠਨ/ਬਿਖਰਾਵ ਸ਼ੁਰੂ ਹੁੰਦਾ ਹੈ। ਉਸ ਦਾ ਭਰਾ ਸਰਦੂਲ ਸਿੰਘ ਆਪਣੇ ਹਿੱਸੇ ਦੀ ਜ਼ਮੀਨ ਹੀ ਨਹੀਂ ਵੰਡਾਉਂਦਾ ਸਗੋਂ ਵਜ਼ੀਰ ਸਿੰਘ ਦੀ ਧੀ ਭੂਪੀ ਦੇ ਗੁੰਮ ਹੋ ਜਾਣ 'ਤੇ ਉਸ ਦੇ ਘਰ ਪੁੱਛਣ ਤੱਕ ਨਹੀਂ ਆਉਂਦਾ, ਤਾਂ ਵਜ਼ੀਰ ਸਿੰਘ ਕਹਿੰਦਾ ਹੈ :

"ਸਰਦੂਲ ਨੇ ਇਕ ਵਾਰੀ ਵੀ ਨਹੀਂ ਪੁਛਿਆ-ਭੂਪੀ ਵਾਲੀ ਗੱਲ ਕਿਵੇਂ ਹੋਗੀ ? ਕਾਹਦਾ ਮੋਹ-ਪਿਆਰ ਹੈ? ਕਾਹਦੇ ਲਹੂ ਦੇ ਸਬੰਧ ਨੇ ? ਕੋਹੜਿਆ ਤੇਰੀ ਸਕੀ ਭਤੀਜੀ ਐ। ਧੀਆਂ ਵਰਗੀ ਐ। ਠੀਕ ਐ, ਆਪਸ ਵਿਚ ਨਾ ਬੋਲੋ । ਨਾ ਵਰਤ-ਵਰਤਾਰਾ ਰੱਖੋ। ਪਰ ਐਹੇ ਜੇਹੀ ਬਿਪਤਾ ਵੇਲੇ ਤਾਂ ਨਾਲ ਖੜੋ । ਗਰਕ ਜੂਗੀ ਇਹ ਦੁਨੀਆਂ............."

(ਅੰਨਦਾਤਾ, ਪੰਨਾ 148)

ਇਸ ਤਰ੍ਹਾਂ ਰਿਸ਼ਤਿਆਂ ਦਾ ਵਿਗਠਨ/ਬਿਖਰਾਵ ਵਜ਼ੀਰ ਸਿੰਘ ਦੀ ਅਗਲੀ ਪੀੜ੍ਹੀ ਤੱਕ ਨਿਰੰਤਰ ਜਾਰੀ ਰਹਿੰਦਾ ਹੋਇਆ ਵਿਕਰਾਲ ਰੂਪ ਅਖ਼ਤਿਆਰ ਕਰਦਾ ਹੈ। ਵਜ਼ੀਰ ਸਿੰਘ ਦੇ ਪੁੱਤਰ ਭਗਤ, ਰਾਜਪਾਲ, ਰੁਲਾ ਤੇ ਧੀ ਭੂਪੀ ਆਪਣੇ ਅਲੱਗ-ਅਲੱਗ ਰਸਤੇ ਚੁਣਦੇ ਹਨ। ਅਜਿਹੇ ਸੰਕਟ ਵਿਚ ਗ੍ਰਸੇ ਵਜ਼ੀਰ ਸਿੰਘ ਤੇ ਗਿਆਨ ਕੌਰ ਪਵਿੱਤਰ ਰਿਸ਼ਤੇ ਬਚਾ ਨਹੀਂ ਸਕਦੇ, ਜਿਸ ਦੇ ਸਿੱਟੇ ਵਜੋਂ ਸੰਯੁਕਤ ਪਰਿਵਾਰ ਬਿਖਰ ਜਾਂਦਾ ਹੈ। ਜ਼ਾਹਿਰ ਹੈ, ਰਿਸ਼ਤਿਆਂ ਦੇ ਵਿਗਠਨ ਦੇ ਪਿਛੋਕੜ ਵਿਚ ਵਿਸ਼ਵੀਕਰਨ ਦੇ ਪ੍ਰਭਾਵਾਂ ਤਹਿਤ ਆਇਆ ਸਭਿਆਚਾਰਕ ਆਰਕਮਣ ਹੈ, ਜਿਹੜਾ ਬੰਦੇ ਅੰਦਰ ਵਿਭਿੰਨ ਤਰ੍ਹਾਂ ਦੇ ਟੇਸਟ ਪੈਦਾ ਕਰਦਾ ਹੈ। ਪੱਛਮੀ ਕਲਚਰ ਦੀਆਂ ਪੌਪੀਕਰਨ ਰੁਚੀਆਂ ਤਹਿਤ ਮਾਇਆ ਇੱਕਤਰ ਕਰਨ ਦਾ ਸ਼ਾਰਟਕੱਟ ਰਸਤਾ ਰੁਰਾ ਅਖ਼ਤਿਆਰ ਕਰਦਾ ਹੈ। ਖੁਲ੍ਹ-ਮ-ਖੁਲ੍ਹੇ ਸੈਕਸ ਸੰਬੰਧਾਂ ਦਾ ਬਿਜਲਈ ਪਾਸਾਰਾ ਭੂਪੀ ਵਰਗੀਆਂ ਕੁੜੀਆਂ ਅੰਦਰ ਦੇਹ ਦੀ ਜ਼ਸਨੀਅਤ ਦੀਆਂ ਰੁਚੀਆਂ ਪੈਦਾ ਕਰਦਾ ਹੈ। ਸੰਚਾਰ ਮੀਡੀਏ ਦੁਆਰਾ ਪ੍ਰਚਾਰੇ/ਪਾਸਾਰੇ ਜਾ ਰਹੇ ਨਵ-ਅਧਿਆਤਮਵਾਦੀ ਫਲਸਫ਼ੇ ਨੇ ਭਗਤੂ ਵਰਗੇ ਜੱਟ ਕਲਚਰ ਨਾਲ ਜੁੜੇ ਬੰਦਿਆਂ ਦੇ ਜ਼ਮੀਨੀ ਅਵਚੇਤਨ ਨੂੰ ਖੰਡਿਤ ਕਰਕੇ ਅਧਿਆਤਮ ਦੇ ਨਵ-ਪਰਿਪੇਖ ਤਹਿਤ ਮਾਇਆ ਬਟੋਰਨ ਦਾ ਸੌਖਾ ਤੇ ਸਰਲ ਰਸਤਾ ਅਖ਼ਤਿਆਰ ਕਰਵਾਇਆ ਹੈ। ਇਸ ਪਾਸਾਰੇ ਵਿਚ ਗ੍ਰਸਿਆ ਹੋਇਆ ਰਾਜਪਾਲ ਬੇਗਾਨਗੀ ਦਾ ਅਹਿਸਾਸ ਭੋਗਦਾ ਹੈ। ਇਨ੍ਹਾਂ ਪਾਤਰਾਂ ਦੇ ਵਿਭਿੰਨ ਰਸਤਿਆਂ 'ਤੇ ਤੁਰਨ ਦਾ ਕਾਰਨ ਪੰਜਾਬ ਦੀਆਂ ਸਥਾਨਕ ਹਾਲਤਾਂ ਵੀ ਬਣਦੀਆਂ ਹਨ। ਇਕਲਤਾ, ਬੇਗਾਨਗੀ ਦਾ ਅਹਿਸਾਸ ਭੋਗਦੇ ਇਹ ਪਾਤਰ ਤੰਗੀਆਂ, ਤੁਰਸ਼ੀਆਂ, ਊਣਤਾਈਆਂ, ਥੁੜਾਂ, ਤਰਸੇਵਿਆਂ ਦੇ ਸ਼ਿਕਾਰ ਹੋਣ ਤੋਂ ਬਾਅਦ ਇਨ੍ਹਾਂ ਰਸਤਿਆਂ 'ਤੇ ਤੁਰਨਾ ਇਨ੍ਹਾਂ ਦੀ ਬੇਬਸੀ ਵੀ ਹੈ ਤੇ ਲਾਚਾਰਗੀ ਦਾ ਸਬੱਬ ਵੀ।

ਇਸ ਨਾਵਲ ਵਿਚ ਬਲਦੇਵ ਸਿੰਘ ਅਜੋਕੇ ਸਮਾਜ ਨੂੰ ਦਰਪੇਸ਼ ਦਹੇਜ ਤੇ ਨਸ਼ੇ ਵਰਗੀਆਂ ਅਨੇਕ ਅਲਾਮਤਾਂ ਨੂੰ ਵੀ ਰੇਖਾਂਕਿਤ ਕਰਦਾ ਹੈ, ਜਿਹੜੀਆਂ ਪੇਂਡੂ ਸਮਾਜਚਾਰੇ ਦੇ ਅਕਸ ਨੂੰ ਹੋਰ ਧੁੰਦਲਾ ਕਰ ਰਹੀਆਂ ਹਨ। ਆਰਥਕ ਤੰਗੀਆਂ/ਥੁੜ੍ਹਾਂ 'ਚ ਨਪੀੜਿਆ ਹੋਇਆ ਵਜ਼ੀਰ ਸਿੰਘ ਦਹੇਜ ਦੇਣ ਦੀ ਵੁਕਤ ਨਾ ਹੋਣ ਕਾਰਨ ਆਪਣੀ ਧੀ ਭੂਪੀ ਨੂੰ ਸਮੇਂ ਸਿਰ ਨਹੀਂ ਵਿਆਹ ਪਾਉਂਦਾ ਤਾਂ ਗਿਆਨ ਕੌਰ ਭੂਪੀ ਵੱਲ ਵੇਖ ਕੇ ਆਖਦੀ ਹੈ :

"ਜਏ ਵੱਢੇ ਦੇ ਲਾਲਚੀ ਕੁੱਤੇ ਜੱਟ ਜੇ ਸਕੂਟਰ ਤੇ ਫਰਿੱਜ ਨਾ ਮੰਗਦੇ ਤਾਂ ਇਹਦਾ ਚਾਰ ਸਾਲ ਪਹਿਲਾਂ ਹੀ ਵਿਆਹ ਹੋ ਜਾਣਾ ਸੀ। ਹੁਣ ਭੋਨਾ ਵਿਕ ਲੈਣ ਦੇ, ਇਹਦਾ ਤਾਂ ਲਾਹੀਏ ਭਾਰ।" (ਪੰਨਾ 17)

ਨਾਵਲ ਵਿਚ ਨਸ਼ੇ ਦੀ ਪੂਰਤੀ ਹਿੱਤ ਭਗਤੂ ਤੇ ਮਾਘੀ ਵਰਗੇ ਨੌਜੁਆਨ ਚੋਰੀਆਂ,

ਠੱਗੀਆਂ ਤੇ ਕਤਲ ਵੀ ਕਰਦੇ ਹਨ। ਪੰਜਾਬ ਸੰਕਟ ਦੇ ਦੌਰਾਨ ਇਹ ਆਪਣੇ ਆਪ ਨੂੰ 'ਬਾਬੇ' ਕਹਿ ਕੇ ਡਾਕੇ ਮਾਰਦੇ ਹਨ, ਅਜਿਹੇ ਕਾਰਨਾਮੇ ਕਰਦੇ ਹੋਏ ਇਹ ਧਰਮ ਦਾ ਸਾਹਾਰਾ ਲੈਂਦੇ ਹਨ। ਇਕ ਥਾਂ ਵਸਾਖਾ ਸਿੰਘ ਆਖਦਾ ਹੈ :

"ਚਿੱਟੇ ਪਾਲੇ ਕਪੜੇ। ਬੰਨਲੀ ਕੇਸਰੀ ਪੱਗ। ਉਤੋਂ ਦੀ ਪਾ ਲਿਆ ਗਾਤਰਾ । ਰਾਤ ਨੂੰ ਰੱਜ ਕੇ ਦਾਰੂ ਨਾਲ, ਕਰਨੀਆਂ ਲੁੱਟਾਂ-ਖੋਹਾਂ, ਢੇਕੇ ਪੰਥ ਦੇ।" (ਪੰਨਾ 60)

ਇਸ ਨਾਵਲ ਵਿਚ ਬਲਦੇਵ ਸਿੰਘ ਅਜੋਕੇ ਪੰਜਾਬ ਵਿਚ ਪਸਰ ਰਹੇ ਡੇਰਾਵਾਦ ਨੂੰ ਵੀ ਰੇਖਾਂਕਿਤ ਕਰਦਾ ਹੈ, ਜਿਹੜਾ ਸਾਡੇ ਸਮਾਜਿਕ ਤਾਣੇ-ਬਾਣੇ ਨੂੰ ਹੋਰ ਉਲਝਾਅ ਕੇ ਪੰਜਾਬ ਨੂੰ ਧਾਰਮਕ ਦਵੰਧ ਵਿਚ ਪਾ ਰਿਹਾ ਹੈ। ਪੂੰਜੀਵਾਦ ਡੇਰਾਵਾਦ ਨੂੰ ਵਧਾ ਫੈਲਾ ਕੇ ਆਪਣੀਆਂ ਊਣਤਾਈਆਂ, ਘਾਟਾਂ, ਵਿਸੰਗਤੀਆਂ ਅਤੇ ਸ਼ੋਸ਼ਕੀ ਬਿਰਤੀ 'ਤੇ ਪਰਦਾ ਪਾਉਂਦਾ ਹੈ। ਲੋਕ ਆਪਣੀਆਂ ਮੂਲ ਅਤੇ ਅਸਲੀ ਸਮੱਸਿਆਵਾਂ, ਦੁਸ਼ਵਾਰੀਆਂ, ਅਧੂਰੀਆਂ ਇਛਾਵਾਂ-ਆਕਾਂਖਿਆਵਾਂ, ਮਨੋਕਾਮਨਾਵਾਂ ਦਾ ਨਿਵਾਰਨ ਮੌਜੂਦਾ ਵਿਵਸਥਾ ਨੂੰ ਬਦਲ ਕੇ ਨਹੀਂ ਕਰਨਾ ਚਾਹੁੰਦੇ ਸਗੋਂ ਇਨ੍ਹਾਂ ਦਾ ਨਿਵਾਰਨ ਡੇਰਿਆਂ/ਸਾਧਾਂ-ਸੰਤਾਂ ਕੋਲ ਕਰਵਾਉਣ 'ਚ ਅਕੀਦਾ ਰੱਖਦੇ ਹਨ।7 ਡੇਰਿਆਂ ਦੇ ਸਾਧ/ਸੰਤ ਲੋਕਾਂ ਦਾ ਧਿਆਨ ਖਿੱਚਣ ਲਈ ਹਰ ਹੀਲਾ ਵਰਤਦੇ ਹਨ। ਫਿਰ ਉਹ ਲੋਕਾਂ ਅਤੇ ਔਰਤਾਂ ਦਾ ਸ਼ੋਸ਼ਣ ਹੀ ਨਹੀਂ ਕਰਦੇ ਸਗੋਂ ਹਰ ਤਰ੍ਹਾਂ ਦੀ ਲੁੱਟ ਵੀ ਕਰਦੇ ਹਨ। ਇਸ ਨਾਵਲ ਵਿਚ ਵੀ ਕਿਸੇ ਸਮੇਂ ਲੁਟੇਰਾ ਤੇ ਕਾਤਲ ਰਿਹਾ ਭਗਤੂ, ਭਗਤਦਾਸ ਬਣਕੇ ਸੋਚੀ ਸਮਝੀ ਚਾਲ ਅਨੁਸਾਰ ਪਿੰਡ ਦੀ ਸਮਾਧ ਨੂੰ ਡੇਰੇ ਵਿਚ ਤਬਦੀਲ ਕਰਦਾ ਹੈ। ਇਸ ਡੇਰੇ ਰਾਹੀਂ ਉਹ ਲੋਕਾਂ ਨੂੰ ਲੁੱਟਦਾ ਹੀ ਨਹੀਂ ਸਗੋਂ ਆਪਣੇ ਹੀ ਭਾਈਚਾਰੇ ਦੀਆਂ ਆਰਥਿਕ ਪੱਖੋਂ ਹੀਣੀਆਂ ਭੀਰੋ ਤੇ ਜੈਲੋ ਵਰਗੀਆਂ ਔਰਤਾਂ ਦਾ ਜਿਨਸੀ ਸ਼ੋਸ਼ਣ ਵੀ ਕਰਦਾ ਹੈ।

ਇਸ ਤਰ੍ਹਾਂ ਬਲਦੇਵ ਸਿੰਘ ਇਸ ਨਾਵਲ ਵਿਚ ਅਜੋਕੇ ਪੰਜਾਬੀ ਸਮਾਜ ਤੇ ਖਾਸਕਰ ਪੇਂਡੂ ਨਿਮਨ ਕਿਸਾਨੀ ਸਮਾਜਚਾਰੇ ਨੂੰ ਦਰਪੇਸ਼ ਅਨੇਕਾਂ ਸੰਕਟਾਂ/ਵਿਸੰਗਤੀਆਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਇਕ ਵਿਰਾਟ ਚਿਤਰ ਉਲੀਕਦਾ ਹੈ।

'ਅੰਨਦਾਤਾ' ਨਾਵਲ ਵਿਚ ਬਲਦੇਵ ਸਿੰਘ ਪੰਜਾਬ ਦੀ ਨਿਮਨ ਕਿਸਾਨੀ ਦੀਆਂ ਆਰਥਕ ਥੁੜਾਂ, ਵਿਸੰਗਤੀਆਂ, ਸੰਕਟਾਂ ਨੂੰ ਅਗਰਭੂਮਤ ਕਰਦਾ ਹੋਇਆ ਇਨ੍ਹਾਂ ਥੁੜਾਂ, ਵਿਸੰਗਤੀਆਂ, ਸੰਕਟਾਂ ਨੂੰ ਬੜਾਵਾ ਦੇਣ ਵਾਲੀਆਂ ਧਿਰਾਂ ਦੀ ਵੀ ਨਿਸ਼ਾਨਦੇਹੀ ਕਰਦਾ ਹੈ। ਪੰਜਾਬ ਖੇਤੀ ਪ੍ਰਧਾਨ ਪ੍ਰਾਂਤ ਹੋਣ ਕਰਕੇ ਇਥੋਂ ਦੀ ਆਰਥਿਕਤਾ ਵਿਚ ਕਿਸਾਨੀ ਦੀ ਅਹਿਮ ਭੂਮਿਕਾ ਰਹੀ ਹੈ। ਹਰੇ ਇਨਕਲਾਬ ਦਾ ਵਧੇਰੇ ਲਾਭ ਭਾਵੇਂ ਧਨੀ ਕਿਸਾਨੀ ਨੂੰ ਹੋਇਆ ਪਰ ਨਿਮਨ ਅਤੇ ਮਧਵਰਗੀ ਕਿਸਾਨੀ ਦੀ ਸਥਿਤੀ ਵਿਚ ਪਹਿਲਾਂ ਦੇ ਮੁਕਾਬਲਤਨ ਕਾਫੀ ਸੁਧਾਰ ਹੋਇਆ। ਹਰੇ ਅਤੇ ਚਿੱਟੇ ਇਨਕਲਾਬ ਨੇ ਕਿਸਾਨੀ ਨੂੰ ਰਵਾਇਤੀ ਖੇਤੀ, ਬੁਰਜ਼ੁਆਵਾਦੀ ਸਾਮੰਤੀ ਕਦਰਾਂ-ਕੀਮਤਾਂ ਤੋਂ ਮੁਕਤ ਹੋਣ ਲਈ ਵੀ ਨਵੀਂ ਸ਼ਕਤੀ ਦਿੱਤੀ। ਨਵੀਆਂ ਉਤਪਾਦਨ ਵਿਧੀਆਂ, ਵਿੱਦਿਆ ਦੇ ਪਾਸਾਰ, ਮੀਡੀਏ ਦੇ ਪ੍ਰਚਾਰ, ਆਵਾਜਾਈ ਦੇ ਸਾਧਨਾਂ ਅਤੇ ਬਿਜਲਈ ਉਪਕਰਨਾਂ ਆਦਿ ਦੀ ਸਹਾਇਤਾ ਨਾਲ ਪੰਜਾਬ 'ਚ ਖੇਤੀ ਦਾ ਮਸ਼ੀਨੀਕਰਨ ਅਤੇ ਜੀਵਨ-ਜਾਚ ਦਾ ਸਹਿਰੀਕਰਨ ਹੁੰਦਾ ਹੈ। ਵਿਸ਼ਵੀਕਰਨ ਉਪਰੰਤ ਨਿਮਨ ਕਿਸਾਨੀ ਤਰੱਕੀ ਦੇ ਨਵੇਂ ਸੁਪਨਿਆਂ ਨਾਲ ਭਰੀ-ਭਕੁੰਨੀ ਉਪਭੋਗੀ

ਸਭਿਆਚਾਰ ਦੇ ਰਾਹ ਵੀ ਸੌਖਿਆਂ ਹੀ ਹੋ ਤੁਰਦੀ ਹੈ। ਪਰ ਜਦ ਮਸ਼ੀਨੀ ਖੇਤੀ ਕਾਰਨ ਲਾਗਤ, ਖੇਤੀ ਵਿਚ ਹੋਣ ਵਾਲੇ ਉਤਪਾਦਨ ਤੋਂ ਵੀ ਵਧ ਜਾਂਦੀ ਹੈ, ਮੰਡੀਕਰਨ ਦਾ ਪ੍ਰਬੰਧ ਡਾਵਾਂ ਡੋਲ ਹੋ ਜਾਂਦਾ ਹੈ ਅਤੇ ਖੇਤੀ ਦਾ ਉਤਪਾਦਨ ਵੀ ਚਰਮ ਸੀਮਾਂ ਉਤੇ ਪਹੁੰਚ ਕੇ ਸਥਿਰ ਹੋ ਜਾਂਦਾ ਹੈ ਤਾਂ ਕਿਸਾਨੀ ਦਾ ਸੰਕਟ ਸ਼ੁਰੂ ਹੋ ਜਾਂਦਾ ਹੈ। ਉਤੋਂ ਸ਼ਹਿਰੀਕਰਨ ਦੇ ਰਾਹ ਪਈ ਕਿਸਾਨੀ ਦੀ ਉਪਭੋਗੀ ਚੇਤਨਾ ਉਸ ਨੂੰ ਹਰ ਹੀਲੇ ਆਪਣਾ ਜੀਵਨ-ਸਤਰ ਉੱਚਾ ਰੱਖਣ ਲਈ ਮਜ਼ਬੂਰ ਕਰਦੀ ਹੈ। ਸਿੱਟਾ ਕਿਸਾਨੀ ਦੇ ਬੈਂਕ ਅਤੇ ਆੜ੍ਹਤੀਆਂ ਦੇ ਕਰਜਿਆਂ ਹੇਠ ਆਉਣ ਵਿਚ ਨਿਕਲਦਾ ਹੈ। ਅਜਿਹੇ ਮੌਕੇ ਨਿੱਜੀਕਰਨ ਦੇ ਮਾਰਗ ਉੱਤੇ ਪਈ ਸਰਕਾਰ ਵੀ ਕਿਸਾਨੀ ਨੂੰ ਖੁਲ੍ਹੀ ਮੰਡੀ ਦੇ ਆਸਰੇ ਛੱਡ ਕੇ ਨੇਪਰੇ ਹੋ ਖੜ੍ਹਣ ਦੀਆਂ ਚਾਲਾਂ ਚਲਦੀ ਹੈ। ਕਿਸਾਨੀ ਦਾ ਦੁਖਾਂਤ ਅੱਟਲ ਬਣ ਜਾਂਦਾ ਹੈ।8 ਜਿਸ ਦੇ ਸਿੱਟੇ ਵਜੋਂ ਨਿਮਨ ਕਿਸਾਨੀ ਦੀ ਮੰਦੀ ਹਾਲਤ ਦਾ ਲਾਭ ਵੀ ਸਭ ਤੋਂ ਵੱਧ ਧਨੀ ਕਿਸਾਨੀ ਤੇ ਦਲਾਲ ਦੀ ਭੂਮਿਕਾ ਨਿਭਾਉਂਦੇ ਆੜ੍ਹਤੀਆਂ ਦੇ ਹਿੱਸੇ ਆਉਂਦਾ ਹੈ। ਉਨ੍ਹਾਂ ਦੀਆਂ ਮਾਲਕੀਆਂ ਵਧ ਰਹੀਆਂ ਹਨ ਤੇ ਨਿਮਨ ਕਿਸਾਨ ਕੰਗਾਲੀ ਵੱਲ ਵਧ ਰਿਹਾ ਹੈ।

'ਅੰਨਦਾਤਾ' ਨਾਵਲ ਵਿਚ ਧਨੀ ਕਿਸਾਨੀ ਤੇ ਆੜ੍ਹਤੀਆਂ ਦੀ ਸ਼ੋਸ਼ਣਕਾਰੀ ਬਿਰਤੀ ਦੇ ਅਨੇਕਾਂ ਪ੍ਰਮਾਣ ਮਿਲਦੇ ਹਨ। ਨਾਵਲ ਵਿਚ ਸਰਪੰਚ ਦਾ ਭਰਾ ਸ਼ੇਰਾ, ਨਿਮਨ ਕਿਸਾਨ ਜਗਤ ਸਿੰਘ ਦੀ ਸਾਰੀ ਜ਼ਮੀਨ ਆਪਣੇ ਕਬਜੇ ਹੇਠ ਹੀ ਨਹੀਂ ਕਰਦਾ ਸਗੋਂ ਉਸ ਦੀ ਪਤਨੀ ਦਾ ਜਿਨਸੀ ਸ਼ੋਸ਼ਣ ਵੀ ਕਰਦਾ ਹੈ। ਸ਼ੇਰਾ ਜਗਤ ਸਿੰਘ ਦੀ ਜ਼ਮੀਨ ਦੇ ਪਰਨੋਟ ਉਸ ਅੱਗੇ ਸਿੱਟ ਕੇ ਆਖਦਾ ਹੈ :

"ਕਾਗਜ ਨੀ, ਇਹ ਪਰਨੋਟ ਐ । ਪਤੈ ਪਰਨੋਟ ਕੀ ਹੁੰਦੈ? ਅੱਧੇ ਪੈਸੇ ਤੇਰਾ ਪਿਉ ਲੈਂਦਾ ਰਿਹਾ, ਗੂਠੇ ਲਾ ਕੇ ਤੇ ਹੁਣ ਤੂੰ ਲੈ ਗਿਐਂ ਕੁੜੀ ਦੇ ਵਿਆਹ ਵੇਲੇ। ਇਹ ਸਾਰੇ ਜਿੰਨ੍ਹੇ ਬਣਦੇ ਐ। ਉਨ੍ਹੇ ਮੁਲ ਦੀ ਤਾਂ ਤੇਰੀ ਜ਼ਮੀਨ ਤੇ ਘਰ ਵੀ ਨੀ ਹੈਗਾ। ਕਿਥੋਂ ਮਿਲਣਗੇ ਮੈਨੂੰ?" (ਪੰਨਾ 131)

ਇਸੇ ਤਰ੍ਹਾਂ ਵਜ਼ੀਰ ਸਿੰਘ ਦੀ ਜ਼ਮੀਨ ਵੀ ਸਰਪੰਚ ਖਰੀਦ ਰਿਹਾ ਹੈ ਤੇ ਵਜ਼ੀਰ ਸਿੰਘ ਦਾ ਪਰਿਵਾਰ ਦਿਨ-ਬ-ਦਿਨ ਕੰਗਾਲ ਹੋ ਰਿਹਾ ਹੈ। ਵਜ਼ੀਰ ਸਿੰਘ ਆਰਥਿਕ ਤੰਗੀਆਂ-ਤੁਰਸ਼ੀਆਂ ਕਾਰਨ ਆਪਣੀ ਧੀ ਨੂੰ ਵੀ ਸਮੇਂ ਸਿਰ ਵਿਆਹ ਨਹੀਂ ਸਕਦਾ, ਜਿਸ ਕਾਰਨ ਉਹ ਉਧਲ ਕੇ ਪਰਿਵਾਰ ਦੀ ਨਮੋਸ਼ੀ ਦਾ ਕਾਰਨ ਬਣਦੀ ਹੈ। ਵਿਦੇਸ਼ ਭੇਜਿਆ ਪੁੱਤਰ ਏਜੰਟਾਂ ਦੀ ਭ੍ਰਿਸ਼ਟਤਾ ਦਾ ਸ਼ਿਕਾਰ ਹੋ ਕੇ ਵਾਪਸ ਪਰਤਦਾ ਹੈ ਤੇ ਜੱਟ ਤੋਂ ਸਾਧ ਹੋਣ ਦਾ ਰਸਤਾ ਚੁਣਦਾ ਹੈ। ਗੁਰਾ ਜ਼ਮੀਨ ਵੇਚ ਕੇ ਕਲਾਕਾਰ ਬਣਦਾ ਹੈ ਤੇ ਰਾਜਪਾਲ ਆਰਥਿਕ ਮੰਦਹਾਲੀ ਹੰਢਾਉਂਦਾ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸਰਦੇ-ਪੁਜਦੇ ਕਿਸਾਨ ਪਰਿਵਾਰ ਦੇ ਘੋਰ ਆਰਥਕ ਸੰਕਟ ਵਿਚ ਧਸ ਜਾਣ ਤੋਂ ਬਾਅਦ ਦੋ ਹੀ ਰਸਤੇ ਨਜ਼ਰ ਆਉਂਦੇ ਹਨ ਜਾਂ ਤਾਂ ਉਹ ਕੰਗਾਲੀ/ਗੁਰਬਤ ਅਤੇ ਨਮੋਸ਼ੀ ਭਰੀ ਜ਼ਿੰਦਗੀ ਜਿਉਣ ਲਈ ਤਿਆਰ ਹੋਣ ਜਾਂ ਫਿਰ ਵਜ਼ੀਰ ਸਿੰਘ ਵਾਂਗ ਆਤਮ ਹੱਤਿਆ ਕਰਨ ਤੇ ਜਾਂ ਫਿਰ ਇਨ੍ਹਾਂ ਸੰਕਟਾਂ/ਵਿਸੰਗਤੀਆਂ ਦੇ ਸ਼ਿਕਾਰ ਹੋ ਕੇ ਗਿਆਨ ਕੌਰ ਵਾਂਗ ਪਾਗਲਪਨ ਦੀ ਅਵਸਥਾ ਨੂੰ ਪ੍ਰਾਪਤ ਹੋਣ।

ਨਾਵਲ ਵਿਚੋਂ ਸਪੱਸ਼ਟ ਹੁੰਦਾ ਹੈ ਕਿ ਰਾਜਪਾਲ ਆਪਣੇ ਜੀਵਨ ਨਿਰਬਾਹ ਲਈ ਮੰਡੀ ਵਿਚ ਸਬਜ਼ੀ ਵੇਚਦਾ ਹੈ ਤੇ ਗਿੱਲਾਂ ਦਾ ਦਸੌਂਧਾ ਸਿੰਘ, ਦੇਸੂ ਖਣਿਆ ਭਗਤੂ ਦੇ ਛੇਰੇ ਲਈ ਗਜਾ

ਕਰਦਾ ਹੈ। ਇਨ੍ਹਾਂ ਬਾਰੇ ਸੋਚਕੇ ਵਸਾਖਾ ਸਿੰਘ ਆਖਦਾ ਹੈ :

"ਇਕ ਅੰਨਦਾਤਾ, ਸ਼ਹਿਰ ਵਿਚ ਬੈਠਾ,ਕੱਦੂ,ਗੰਢੇ, ਟਿੰਡੋ ਵੇਚ ਰਿਹਾ ਹੈ, ਦੂਸਰਾ ਅੰਨਦਾਤਾ ਡੇਰੇ ਦੇ ਲੰਗਰ ਲਈ ਰਸਦ ਇਕੱਠੀ ਕਰਨ ਬਹਾਨੇ, ਦਰ-ਦਰ ਮੰਗਣ ਗਿਆ ਹੋਇਆ ਹੈ-ਵਾਹ ਉਏ ਦਾਤਿਆ।" (ਪੰਨਾ 368)

ਪੇਂਡੂ ਅਰਥਚਾਰੇ ਦੇ ਗਹਿਰੇ ਆਰਥਕ ਸੰਕਟ ਵਿਚ ਗ੍ਰਸ ਜਾਣ ਦਾ ਇਕ ਕਾਰਨ ਵਿਸ਼ਵੀਕਰਨ, ਮੀਡੀਏ, ਇਸ਼ਤਿਹਾਰਬਾਜੀ ਦੇ ਪ੍ਰਭਾਵ ਅਧੀਨ ਵਿਖਾਵੇ ਦੀ ਭਾਵਨਾ ਵੀ ਬਣਦਾ ਹੈ। ਨਿਮਨ ਕਿਸਾਨ ਵਰਗ ਆਪਣੀ ਫੋਕੀ ਟੌਹਰ ਬਣਾਉਣ ਦੀ ਖਾਤਰ ਵਿਤੋਂ ਬਾਹਰ ਖਰਚ ਕਰਦਾ ਹੈ। ਉਪਭੋਗਤਾਵਾਦੀ ਮਹੌਲ ਦਾ ਪੇਂਡੂ ਨਿਮਨ ਕਿਸਾਨੀ 'ਤੇ ਕੀ ਪ੍ਰਭਾਵ ਪਿਆ ਹੈ। ਉਸ ਬਾਰੇ ਨਾਵਲ ਦਾ ਪਾਤਰ ਲਾਭਾ ਬੋਲਦਾ ਹੈ :

"ਚੰਗੀ ਸ਼ਾਨ ਐ ਇਹ, ਆੜ੍ਹਤੀਏ ਦੀ ਵਹੀ 'ਚ ਅੰਗੂਠਾ ਲਾ ਕੇ ਸ਼ਾਨ ਬਣਾਉਂਦੇ ਐਂ । ਜਦੋਂ ਅਗਲਾ ਗਲ 'ਚ ਹੱਥ ਦਿੰਦਾ ਐ ਤਾਂ ਖੂਹਾਂ 'ਚ ਛਾਲਾਂ ਮਾਰਦੇ ਐਂ, ਵਿਆਹ 'ਤੇ ਗਾਉਣ ਵਾਲਾ ਨਾ ਸੱਦਿਆ ਹੋਵੇ ਤਾਂ ਥੋਡੀ ਸ਼ਾਨ ਨੀ ਬਣਦੀ, ਉਸ ਨੂੰ ਪੰਜਾਹ-ਸੱਠ ਹਜ਼ਾਰ ਦੇ ਕੇ ਤੇ ਸ਼ਰਾਬੀ ਹੋ ਕੇ ਪੁਠੇ ਸਿੱਧੇ ਭੰਗੜੇ ਪਾ ਕੇ ਥੋਡੀ ਸ਼ਾਨ ਬਣਦੀ ਐ। ਆਮਦਨ ਕਿਸੇ ਪਾਸਿਉਂ ਆਉਂਦੀ ਨੀ-, ਟਰੈਕਟਰ ਵੀ ਚਾਹੀਦੈ, ਜੀਪ ਵੀ ਚਾਹੀਦੀ ਐ, ਸਕੂਟਰ ਵੀ ਚਾਹੀਦੈ, ਟੈਲੀਵਿਜ਼ਨ ਵੀ ਚਾਹੀਦੈ, ਮਰੂਤੀ ਵੀ ਘਰ ਵਿਚ ਘੜ੍ਹੀ ਹੋਵੇ , ਤੇ ਆਥਣ ਨੂੰ ਬੋਤਲ ਵੀ ਹੋਏ ਮੇਜ਼ 'ਤੇ ਪਈ।" (ਪੰਨਾ 312)

ਇਸ ਤਰ੍ਹਾਂ ਪੀੜ੍ਹੀ ਦਰ ਪੀੜ੍ਹੀ ਘਟਦੀ ਜ਼ਮੀਨ ਅਤੇ ਸਰਕਾਰ ਦੀਆਂ ਆਰਥਿਕ ਉਦਾਰੀਕਰਨ ਦੀਆਂ ਨੀਤੀਆਂ ਨੇ ਪੰਜਾਬ ਦੇ ਨਿਮਨ ਕਿਸਾਨ ਨੂੰ ਕੰਗਾਲੀਕਰਨ ਵੱਲ ਧੱਕ ਦਿੱਤਾ ਹੈ। ਸਮਕਾਲੀ ਯਥਾਰਥ ਦੀ ਵਿਡੰਬਣਾਕਾਰੀ ਸਥਿਤੀ ਇਹ ਹੈ ਕਿ ਨਿਮਨ ਕਿਸਾਨ ਨੂੰ ਆਪਣੀ ਜੰਗੀਰੂ ਹਾਉਂ ਦੀ ਮੁੱਲ ਘਟਾਈ ਸਵੀਕਾਰ ਕੇ ਜਾਂ ਤਾਂ ਦਿਹਾੜੀਦਾਰ ਬਣਨਾ ਹੋਵੇਗਾ ਜਾਂ ਰਾਜਾ ਕਰਨੀ ਹੋਵੇਗੀ ਜਾਂ ਬਜ਼ਾਰ ਵਿਚ ਜਾ ਕੇ ਕੱਦੂ ਟਿੰਡੇ ਵੇਚਣੇ ਹੋਣਗੇ। ਨਿਮਨ ਕਿਸਾਨੀ ਦਾ ਇਹੋ ਕਰੂਰ ਯਥਾਰਥ ਹੈ।

ਇਸ ਨਾਵਲ ਦਾ ਅਗਲਾ ਪਰਿਪੇਖ ਰਾਜਨੀਤਕ ਸਰੋਕਾਰਾਂ ਨਾਲ ਸੰਬੰਧਿਤ ਹੈ। ਇਸ ਵਿਚ ਬਲਦੇਵ ਸਿੰਘ ਨੇ ਉਨ੍ਹਾਂ ਰਾਜਨੀਤਿਕ ਦਲਾਂ ਨੂੰ ਕੋਡ ਕੀਤਾ ਹੈ, ਜਿਹੜੇ ਨਿਮਨ ਕਿਸਾਨੀ ਨੂੰ ਝੂਠੇ ਲਾਰਿਆਂ ਤੇ ਮਾਰੂ ਨੀਤੀਆਂ ਕਾਰਨ ਸਮਾਜਕ, ਆਰਥਕ, ਰਾਜਨੀਤਿਕ ਤੇ ਸਭਿਆਚਾਰਕ ਸੰਕਟਾਂ ਵਿਚ ਪਾ ਰਹੇ ਹਨ। ਰਾਜਨੀਤਕ-ਸੁਤੰਤਰਤਾ ਉਪਰੰਤ ਭਾਰਤ ਦੇ ਤਥਾ-ਕਥਿਤ ਲੋਕਰਾਜੀ ਢਾਂਚੇ ਦੀ ਵਾਗ ਡੋਰ ਪੂੰਜੀਵਾਦੀ ਵਰਗ ਦੇ ਹੱਥ ਰਹੀ ਹੈ। ਕੇਂਦਰ ਵਿਚ ਹੁਣ ਤੱਕ ਬਦਲੇ ਨਾਵਾਂ ਤੇ ਲੇਬਲਾਂ ਥੱਲੇ ਜਿੰਨੀਆਂ ਵੀ ਸਰਕਾਰਾਂ ਬਣੀਆਂ, ਉਹ ਲੋਕ-ਵਿਰੋਧੀ ਖਾਸੇ ਵਾਲੀਆਂ ਸਨ।.......ਪੰਜਾਬ ਵਿਚ ਵੀ ਕਾਂਗਰਸੀ ਤੇ ਅਕਾਲੀ ਵਾਰੋ ਵਾਰੀ ਕਿਸਾਨੀ ਦੀ ਪਿੱਠ 'ਤੇ 'ਉਤਰ ਕਾਟੋ, ਮੈਂ ਚੜ੍ਹਾਂ' ਵਾਲੀ ਖੇਡ ਰਹੇ ਹਨ। ਅਕਾਲੀਆਂ ਦੀ ਹਮਦਰਦੀ ਧਨੀ ਕਿਸਾਨੀ ਨਾਲ ਰਹੀ ਤੇ ਕਾਂਗਰਸੀਆਂ ਦੀ ਸ਼ਹਿਰੀ ਧਨੀ ਵਰਗ ਨਾਲ। ਮੰਡੀ ਆਰਥਕਤਾ ਦੇ ਹਾਵੀ ਹੋਣ ਨਾਲ ਇਹ ਧਨੀ ਵਰਗ (ਪੇਂਡੂ ਤੇ ਸ਼ਹਿਰੀ) ਇਕ ਦੂਜੇ ਦੇ ਨੇੜੇ ਆਉਂਦੇ ਗਏ ਤੇ ਮਝਲੀ ਤੇ ਨਿਮਨ ਕਿਸਾਨੀ

ਆਪਣੀ ਬਹੁਗਿਣਤੀ ਦੇ ਬਾਵਜੂਦ ਇਕੱਲੀ ਰਹਿ ਗਈ ਹੈ ਪੂੰਜੀਵਾਦੀ ਤਾਣੇ-ਬਾਣੇ ਤੇ ਅਫਸਰਸ਼ਾਹੀ ਦੀ ਕੁੜਿੱਕੀ ਵਿਚ ਫਸ ਗਈ।9 'ਅੰਨਦਾਤਾ' ਨਾਵਲ ਦੇ ਬਿਰਤਾਂਤਕ ਵੇਰਵਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਰਾਜਨੀਤਕ ਦਾਅ-ਪੇਚ ਦੀ ਕੁੜਿੱਕੀ ਵਿਚ ਪੇਂਡੂ ਨਿਮਨ ਕਿਸਾਨ ਬੁਰੀ ਤਰ੍ਹਾਂ ਫਸਿਆ ਹੋਇਆ ਹੈ । ਇਸ ਅਵਸਥਾ ਨੂੰ ਸਮਝਦਾ ਹਰ ਬੰਦਾ ਹੈ ਪਰ ਆਪਣੀ ਮਜਬੂਰ ਚੇਤਨਾ ਕਰਕੇ ਇਸ ਕੁੜਿੱਕੀ ਵਿਚੋਂ ਨਿਕਲਣ ਦਾ ਰਾਹ ਕਿਸੇ ਕੋਲ ਨਹੀਂ ਹੈ। ਮੰਡੀ ਅਰਥਚਾਰੇ ਨੇ ਪੂਰੇ ਸਿਸਟਮ ਨੂੰ ਜੂਏ ਦੇ ਅੱਡੇ ਵਿਚ ਤਬਦੀਲ ਕਰ ਦਿੱਤਾ ਹੈ। ਵਜ਼ੀਰ ਸਿੰਘ ਆਖਦਾ ਹੈ :

"ਸਹੁਰੀ ਸਰਕਾਰ ਨੇ ਫਸਲਾਂ ਵੀ ਹੁਣ ਜੂਆ ਈ ਬਣਾ'ਤੀਆਂ । ਸੁੱਖੀ-ਸਾਂਦੀ ਵੇਚ ਵੱਟ ਲਈ ਤਾਂ ਬਾਜ਼ੀ ਜਿੱਤਗੇ। ਜੇ ਇਥੇ ਮੰਡੀਆਂ 'ਚ ਰੁਲਗੀ ਤਾਂ ਖੇਡ ਗਈ। " (ਪੰਨਾ 31)

ਨਾਵਲ ਦੇ ਸਮੁੱਚੇ ਬਿਰਤਾਂਤ ਵਿਚ ਕਿਸਾਨੀ ਨੂੰ ਇਸ ਘੋਰ ਸੰਕਟ ਵਿਚੋਂ ਕੱਢਣ ਲਈ ਕੋਈ ਸਮਾਜਿਕ-ਰਾਜਨੀਤਕ ਰਾਹ ਨਜ਼ਰ ਨਹੀਂ ਆਉਂਦਾ। ਨਾਵਲ ਦੇ ਬਹੁਤੇ ਪਾਤਰ ਮੋਹ-ਭੰਗ ਦੀ ਅਵਸਥਾ ਵਿਚ ਹਨ ਤੇ ਆਪਣੀ ਸੰਕਟ-ਗ੍ਰਸਤ ਸਥਿਤੀ ਦੇ ਕਾਰਨਾਂ ਤੋਂ ਵੀ ਚੇਤੰਨ ਹਨ ਪਰ ਮੌਜੂਦਾ ਰਾਜਨੀਤੀ ਤੋਂ ਉਨ੍ਹਾਂ ਦਾ ਵਿਸ਼ਵਾਸ ਉੱਠ ਚੁੱਕਾ ਹੈ। ਰਾਜਨੀਤੀ ਉਨ੍ਹਾਂ ਦੀ ਤ੍ਰਾਸਦੀ ਦੇ ਆਲੇ-ਦੁਆਲੇ ਕੇਵਲ ਇਕ ਖੇਡ ਮਾਤਰ ਹੈ। ਇਸ ਨਾਵਲ ਦਾ ਪਾਤਰ ਨਹੇਣਾ ਆਖਦਾ ਹੈ :

"ਦਿਹਾੜੀਆਂ ਹੀ ਕਰਨਗੇ ਜੱਟ ਹੁਣ। ਸੁਣ ਕੇ ਨੀ ਆਇਆ ਕਿਸਾਨ ਰੈਲੀ 'ਚ । ਇਕ ਬੋਲਣ  ਆਲੇ ਨੇ ਕੁਆੜ ਈ ਖੋਹਲ ਤੇ । ਆਂਹਦਾ ਕਾਂਗਰਸੀਆਂ ਨੂੰ, ਆਹ ਜਿਹੜਾ ਆਂਹਦੇ ਐ ਤੀਜਾ ਮੋਰਚਾ ਇਹਨੂੰ, ਸਾਰਿਆਂ ਨੂੰ ਪਰਖ ਲਿਆ। ਸਾਰੇ ਈ ਨੌਂ-ਤੀਏ ਬਾਈ ਕਰਦੇ ਐ। ਹੁਣ ਕੀਹਦੇ 'ਤੇ ਟੇਕ ਰੱਖੀਏ। ਜੱਟਾਂ ਨੂੰ ਤਾਂ ਘਸਿਆਰੇ ਬਣਾ ਤਾ ਇਹਨਾਂ ਲੀਡਰਾਂ ਨੇ।"(ਪੰਨਾ 306)

ਪੰਜਾਬ ਵਿਚ ਖੁੰਬਾਂ ਵਾਂਗ ਉੱਗ ਰਹੇ ਡੇਰਿਆਂ ਪਿੱਛੇ ਵੀ ਰਾਜਸੀ ਨੇਤਾਵਾਂ ਦੀ ਸੋਚੀ ਸਮਝੀ ਚਾਲ ਕੰਮ ਕਰਦੀ ਹੈ। ਇਨ੍ਹਾਂ ਡੇਰਿਆਂ ਰਾਹੀਂ ਉਹ ਆਪਣਾ ਵੋਟ ਬੈਂਕ ਸਥਾਪਤ ਕਰਦੇ ਹਨ ਅਤੇ ਆਪਣੇ ਆਸ਼ਿਆਂ ਵਿਚ ਕਾਮਯਾਬ ਹੁੰਦੇ ਹਨ।

ਇਸ ਤਰ੍ਹਾਂ 'ਅੰਨਦਾਤਾ' ਨਾਵਲ ਦੇ ਹਵਾਲੇ ਨਾਲ ਕਿਹਾ ਜਾ ਸਕਦਾ ਹੈ ਕਿ ਰਾਜਨੀਤਕ ਦਲਾਂ/ਨੇਤਾਵਾਂ ਦੀਆਂ ਮਾਰੂ ਨੀਤੀਆਂ ਕਾਰਨ ਪੇਂਡੂ ਸਮਾਜਚਾਰਾ ਤੇ ਅਰਥਚਾਰਾ ਬੁਰੀ ਤਰ੍ਹਾਂ ਗਿਰਾਵਟ ਵਲ ਵੱਧ ਰਹੇ ਹਨ।

'ਅੰਨਦਾਤਾ' ਨਾਵਲ ਵਿਚ ਬਲਦੇਵ ਸਿੰਘ ਨੇ ਪੰਜਾਬੀ ਸਭਿਆਚਾਰ ਦੇ ਕੀਮਤ-ਪ੍ਰਬੰਧ ਦੀ ਟੁੱਟਭੱਜ ਨੂੰ ਬਾਖੂਬੀ ਚਿਤਰਿਆ ਹੈ। ਵਿਸ਼ਵੀਕਰਨ ਦੇ ਪ੍ਰਵਾਹ ਕਾਰਨ ਪੰਜਾਬੀ ਸਭਿਆਚਾਰ ਵਿਚ ਢੇਰ ਸਾਰੀਆਂ ਤਬਦੀਲੀਆਂ ਆਈਆਂ ਹਨ। ਅਜੋਕਾ ਪੰਜਾਬੀ ਸਭਿਆਚਾਰ ਘੋਰ ਸੰਕਟ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਅੱਜ ਪੰਜਾਬੀ ਸਭਿਆਚਰ ਦੀਆਂ ਬੁਨਿਆਦੀ ਕੀਮਤਾਂ ਜਿਵੇਂ ਭਰਾਤਰੀਭਾਵ, ਪ੍ਰਾਹੁਣਚਾਰੀ, ਦੋਸਤੀ, ਪਿਆਰ, ਬਹਾਦਰੀ, ਨਿਰਛਲਤਾ ਤੇ ਸਵੈਮਾਨ ਦੀ ਜਗ੍ਹਾ ਨਵੀਆਂ ਕੀਮਤਾਂ ਲੈ ਰਹੀਆਂ ਹਨ। ਸਵਾਰਥ, ਧੋਖਾ, ਵੱਧ ਤੋਂ ਵੱਧ ਅਮੀਰ ਬਣਨ ਦੀ ਖਾਹਿਸ਼, ਖਾਹਿਸ਼ਾਂ ਦੀ ਪੂਰਤੀ ਲਈ ਕੋਈ ਵੀ ਤ੍ਰਿਸਕਾਰ ਭਰਿਆ ਕੰਮ ਕਰਨ ਨੂੰ ਤਿਆਰ ਹੋਣਾ, ਮੌਕਾ ਪ੍ਰਸਤੀ, ਘਟੀਆ ਸਿਆਸਤ ਖੇਡਣੀ ਆਦਿ ਨਵੀਆਂ ਕੀਮਤਾਂ ਨੂੰ ਉਤਪੰਨ ਕਰ ਰਿਹਾ ਹੈ-ਅੱਜ

ਦਾ ਉਪਭੋਗੀ ਸਭਿਆਚਾਰ।10 ਇਸ ਨਵੇਂ ਉਤਪੰਨ ਹੋਏ ਸਭਿਆਚਾਰਕ ਸੰਕਟ ਨੇ ਮਨੁੱਖੀ ਰਿਸ਼ਤਿਆਂ ਦੇ ਸਰੂਪ 'ਤੇ ਪ੍ਰਭਾਵ ਪਾਇਆ ਹੈ।

'ਅੰਨਦਾਤਾ' ਨਾਵਲ ਵਿਚ ਪੂੰਜੀਵਾਦ ਦੇ ਪ੍ਰਭਾਵ ਕਾਰਨ ਪੇਂਡੂ ਸਭਿਆਚਾਰਕ ਨੇਮਵਿਧਾਨ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਚਿਤਰਿਆ ਗਿਆ ਹੈ। ਸਾਮੰਤੀ ਸਾਂਝੇ ਪਰਿਵਾਰ ਦੀ ਸੰਧ ਟੁੱਟਦੀ ਹੈ ਤੇ ਪੇਂਡੂ ਭਾਈਚਾਰਕ ਸਾਂਝ ਵੀ ਟੁੱਟ ਕੇ ਖਿਘਰ ਚੁੱਕੀ ਹੈ। ਪੂੰਜੀਵਾਦ ਦੇ ਪ੍ਰਭਾਵ ਅਧੀਨ ਪੇਂਡੂ ਸਮਾਜਚਾਰੇ ਵਿਚ ਪੈਸੇ ਦੀ ਸਰਦਾਰੀ ਕਾਇਮ ਹੋਣ ਨਾਲ ਸਭਿਆਚਾਰਕ ਕਦਰਾਂ ਕੀਮਤਾਂ ਦੀ ਮਹੱਤਤਾ ਘਟਣ ਲੱਗੀ ਹੈ। ਅਖੌਤੀ ਆਧੁਨਿਕਤਾ ਦੇ ਪੂੰਜੀਵਾਦੀ ਪਸਾਰੇ ਨੇ ਮੀਡੀਏ ਅਤੇ ਵਿਕਸਤ ਸੰਚਾਰ ਸਾਧਨਾਂ ਦੇ ਆਸ਼ਿਸਟ ਅਤੇ ਅਸ਼ਲੀਲ ਪ੍ਰਚਾਰ ਰਾਹੀਂ ਨਵੀਂ ਪੀੜ੍ਹੀ ਦੇ ਨੌਜਆਨ ਵਰਗ ਦੀਆਂ ਸਭਿਆਚਰਕ ਦਿਲਚਸਪੀਆਂ ਵਿਚ ਇਕ ਗੌਲਣਯੋਗ ਤਬਦੀਲੀ ਪੈਦਾ ਕੀਤੀ ਹੈ। ਥਾਂ ਪਰ ਥਾਂ ਖੁੱਲੇ ਪੀ.ਸੀ.ਓ. ਅਤੇ ਬਿਊਟੀ ਪਾਰਲਰ ਆਪਣੀਆਂ ਰਵਾਇਤੀ ਕਿੱਤਾ ਮੁੱਖੀ ਪੁਜੀਸ਼ਨਾਂ ਤੋਂ ਤਿਲਕ ਕੇ ਦੇਹ ਦੇ ਜਸ਼ਨ ਦੇ ਅੱਡੇ ਬਣ ਗਏ ਹਨ। ਇਸ ਨਾਵਲ ਦੀਆਂ ਪਾਤਰ ਮੀਤੋ, ਕੰਤੋ, ਸ਼ੀਲਾ ਤੇ ਜੱਸੀ ਵਰਗੀਆਂ ਕੁੜੀਆਂ ਸ਼ਹਿਰ ਦੀ ਚਕਾਚੌਂਦ ਵਿਚ ਫਸ ਕੇ, ਖਾਣ ਹੰਢਾਉਣ ਦੀ ਹਿਰਸ ਪੂਰਤੀ ਲਈ ਇਨ੍ਹਾਂ ਅੱਡਿਆਂ 'ਤੇ ਦੇਹ ਦੀ ਜਸ਼ਨੀਅਤ ਦੀਆਂ ਭਾਗੀਦਾਰ ਬਣਦੀਆਂ ਹਨ।

ਸਭਿਆਚਰਕ ਰੂਪਾਂਤਰਨ ਦੇ ਪ੍ਰਭਾਵ ਅਧੀਨ ਗੁਰਾ ਵੀ ਆਪਣਾ ਜੀਵਨ ਨਜ਼ਰੀਆ ਬਦਲਦਾ ਹੈ। ਅਜੋਕੇ ਪੰਜਾਬ ਦੀਆਂ ਜੀਵਨ-ਹਕੀਕਤਾਂ ਨੂੰ ਉਹ ਭਲੀਭਾਂਤ ਸਮਝਦਾ ਹੈ। ਉਸ ਨੂੰ ਪਤਾ ਹੈ ਕਿ ਉਸ ਦੇ ਹਿੱਸੇ ਆਉਂਦੀ ਜ਼ਮੀਨ ਨਾਲ ਉਹ ਜ਼ਿੰਦਗੀ 'ਚ ਸਥਾਪਤ ਨਹੀਂ ਹੋ ਸਕਦਾ। ਇਸ ਲਈ ਉਹ ਕਲਾਕਾਰ ਬਣ ਕੇ, ਜ਼ਮੀਨ ਵਿਚੋਂ ਜਿਨਸ ਲੈਣ ਦੀ ਥਾਂ ਖੁਦ ਮੰਡੀ ਦੀ ਜਿਨਸ ਬਣ ਜਾਂਦਾ ਹੈ। ਖਪਤ ਸਭਿਆਚਾਰ ਦੇ ਪ੍ਰਭਾਵ ਕਾਰਨ ਪੂਰਾ ਪੰਜਾਬ ਇਕ ਮੰਡੀ ਬਣ ਗਿਆ ਹੈ। ਜਿਸ ਵਿਚ ਪਸ਼ੂਆਂ ਤੋਂ ਲੈ ਕੇ ਟਰੈਕਟਰਾਂ, ਬੰਦਿਆਂ ਤੇ ਜ਼ਮੀਨ ਤੱਕ ਸਭ ਕੁਝ ਵਿਕਦਾ ਹੈ। ਇਸ ਸਾਰੇ ਵਰਤਾਰੇ ਦੀਆਂ ਜੜ੍ਹਾਂ ਵਿਚ ਉਹ ਆਰਥਕ ਮੰਦਹਾਲੀ ਪਈ ਹੈ ਜਿਹੜੀ ਸਮੁੱਚੇ ਮੁਲਕ ਦੀ ਬਦ-ਇੰਤਜ਼ਾਮੀ ਦਾ ਸਿੱਟਾ ਹੈ ਤੇ ਇਸ ਮੰਦਹਾਲੀ ਵਿਚੋਂ ਜਿਹੜੀਆਂ ਧਿਰਾਂ ਉਭਰਨ ਦਾ ਯਤਨ ਕਰਦੀਆਂ ਹਨ, ਉਨ੍ਹਾਂ ਨੂੰ ਸ਼ੇਰੇ ਤੇ ਸਰਦੂਲ ਵਰਗੇ ਪਾਤਰਾਂ ਵਾਂਗ ਉਹ ਸਾਰੇ ਅਣਮਨੁੱਖੀ, ਅਨੈਤਿਕ ਤੇ ਬੇਗੈਰਤ ਹੀਲੇ ਵਰਤਣੇ ਪੈਂਦੇ ਹਨ, ਜਿਹੜੇ ਕਿਸੇ ਵੀ ਮਨੁੱਖੀ ਸਮਾਜ ਲਈ ਲਾਹਨਤ ਮੰਨੇ ਜਾ ਸਕਦੇ ਹਨ ਤੇ ਜਿਹੜੀਆਂ ਧਿਰਾਂ ਇਸ ਬੇਗੈਰਤ ਜ਼ਿੰਦਗੀ ਤੋਂ ਮੁਨਕਰ ਹਨ, ਉਨ੍ਹਾਂ ਕੋਲ ਇਕ ਹੀ ਰਾਹ ਹੈ ਜਾਂ ਤਾਂ ਵਜ਼ੀਰ ਸਿੰਘ ਵਾਂਗ ਕੀੜੇਮਾਰ ਦਵਾਈ ਪੀ ਕੇ ਜੀਵਨ ਲੀਲ੍ਹਾ ਦਾ ਅੰਤ ਕਰ ਲੈਣ ਜਾਂ ਫਿਰ ਗਿਆਨ ਕੌਰ ਵਾਂਗ ਮਾਨਸਿਕ ਤਵਾਜ਼ਨ ਗੁਆ ਕੇ ਮੌਤ ਵਰਗਾ ਜੀਵਨ ਜਿਉਣ।

ਇਉਂ ਬਲਦੇਵ ਸਿੰਘ 'ਅੰਨਦਾਤਾ' ਨਾਵਲ ਵਿਚ ਅਜੋਕੇ ਪੰਜਾਬ ਦੀ ਨਿਮਨ ਕਿਸਾਨੀ ਨੂੰ ਦਰਪੇਸ਼ ਸਮਾਜਕ, ਆਰਥਕ, ਰਾਜਨੀਤਿਕ ਤੇ ਸਭਿਆਚਾਰਕ ਮਸਲਿਆਂ ਨੂੰ ਪੇਸ਼ ਕਰਦਾ ਹੋਇਆ, ਪੰਜਾਬ ਦੇ ਪੇਂਡੂ ਸਮਾਜਚਾਰੇ ਦਾ ਵਿਰਾਟ ਚਿੱਤਰ ਪ੍ਰਸਤੁਤ ਕਰਦਾ ਹੈ। ਵਿਸ਼ਵੀਕਰਨ ਤਹਿਤ ਪੈਦਾ ਹੋਈਆਂ ਨਵੀਆਂ ਪ੍ਰਸਥਿਤੀਆਂ ਅਧੀਨ ਕਿਸਾਨੀ ਦਾ ਕੰਗਾਲੀਕਰਨ ਹੋ ਰਿਹਾ ਹੈ। ਜਿਸ ਦੇ ਸਿੱਟੇ

ਵਜੋਂ ਪੇਂਡੂ ਨਿਮਨ ਕਿਸਾਨੀ ਅੱਤਵਾਦ ਵਰਗੇ ਘਿਨਾਉਣੇ ਜੁਰਮਾਂ ਵੱਲ ਅਗਰਸਰ ਹੋ ਰਹੀ ਹੈ। ਉਨ੍ਹਾਂ ਵਿਚੋਂ ਪੁਰਾਣੀ ਜਗੀਰੂ ਅਣਖ ਮਨਫੀ ਹੋ ਰਹੀ ਹੈ। ਸਮਾਜਕ ਤੌਰ 'ਤੇ ਘਰ ਟੁੱਟ ਰਹੇ ਹਨ, ਰਿਸ਼ਤਿਆਂ ਦਾ ਵਿਗਠਨ/ ਬਿਖਰਾਵ ਹੋ ਰਿਹਾ ਹੈ। ਨਵੇਂ ਖਪਤ ਸਭਿਆਚਾਰ ਕਾਰਨ ਪੁਰਾਣੀਆਂ ਸਦਾਚਾਰਕ ਕੀਮਤਾਂ ਟੁੱਟ ਰਹੀਆਂ ਹਨ ਤੇ ਉਹਨਾਂ ਦੀ ਥਾਂ ਨਵੀਆਂ ਕੀਮਤਾਂ ਲੈ ਰਹੀਆਂ ਹਨ। ਆਰਥਕ ਸੰਕਟ ਵਿਚ ਗ੍ਰਸੇ ਲੋਕ ਸਮਾਜਕ ਤੇ ਮਾਨਸਕ ਸੰਕਟ ਦਾ ਸ਼ਿਕਾਰ ਹੋ ਰਹੇ ਹਨ। ਉਹ ਸਾਧਾਂ-ਸੰਤਾਂ ਦੇ ਡੇਰਿਆਂ ਵਿਚ ਜਾ ਕੇ ਆਪਣੇ-ਆਪਣੇ ਸੰਕਟਾਂ ਦਾ ਹੱਲ ਲੱਭਦੇ ਹਨ, ਪਰ ਉਲਟਾ ਹੋਰ ਗਹਿਰੇ ਸੰਕਟ ਵਿਚ ਫਸ ਜਾਂਦੇ ਹਨ। ਕਿਸਾਨ ਜਥੇਬੰਦੀਆਂ ਤੇ ਹੋਰ ਲੋਕ ਪੱਖੀ ਧਿਰਾਂ ਤਰੱਦਦ ਤਾਂ ਕਰਦੀਆਂ ਹਨ ਪਰ ਮਹਿਦੂਦ ਚੇਤਨਾ ਵਾਲੇ ਜਨਸਮੂਹ ਦੇ ਸਾਹਮਣੇ ਉਨ੍ਹਾਂ ਦੀ ਕੋਈ ਪੇਸ਼ ਨਹੀਂ ਜਾਂਦੀ। ਖਪਤ ਸਭਿਆਚਾਰ ਦੇ ਵਹਾਅ ਦੇ ਸਾਹਮਣੇ ਉਹ ਨਾ-ਮਾਤਰ ਤਿਣਕੇ ਸਾਬਤ ਹੁੰਦੀਆਂ ਹਨ। ਇਸ ਤਰ੍ਹਾਂ ਬਲਦੇਵ ਸਿੰਘ 'ਅੰਨਦਾਤਾ' ਨਾਵਲ ਵਿਚ ਪੇਂਡੂ ਨਿਮਨ ਕਿਸਾਨੀ ਨੂੰ ਦਰਪੇਸ਼ ਤਮਾਮ ਭਖਦੇ ਮਸਲਿਆਂ ਨੂੰ ਅਗਰਭੂਮਤ ਕਰਦਾ ਹੈ ਅਤੇ ਪੇਂਡੂ ਨਿਮਨ ਕਿਸਾਨੀ ਨੂੰ ਆ ਰਹੇ ਗੰਭੀਰ ਸੰਕਟਾਂ ਦੀ ਚਿਤਾਵਨੀ ਦਿੰਦਾ ਹੋਇਆ, ਇਕ ਚੇਤਨਸ਼ੀਲ ਨਾਵਲਕਾਰ ਹੋ ਨਿਬੜਦਾ ਹੈ।

ਹਵਾਲੇ ਅਤੇ ਟਿੱਪਣੀਆਂ


1. ਡਾ. ਗੁਰਮੇਲ ਸਿੰਘ, 'ਨਿਮਨ ਕਿਸਾਨੀ ਦੇ ਆਰਥਿਕ ਤੇ ਸਭਿਆਚਾਰਕ ਸੰਕਟ ਦਾ ਗਲਪੀ ਰੁਪਾਂਤਰਣ : ਅੰਨਦਾਤਾ', ਅੰਨਦਾਤਾ : ਵਿਸ਼ਲੇਸ਼ਣ ਤੇ ਮੁਲਾਂਕਣ, ਲਾਭ ਸਿੰਘ ਖੀਵਾ (ਸੰਪਾ.), ਪੰਨਾ 81

2. ਡਾ. ਲਾਭ ਸਿੰਘ ਖੀਵਾ (ਸੰਪਾ.), ਅੰਨਦਾਤਾ: ਵਿਸ਼ਲੇਸ਼ਣ ਤੇ ਮੁਲਾਂਕਣ, ਪੰਨਾ 10

3. ਡਾ. ਸੁਤਿੰਦਰ ਸਿੰਘ ਨੂਰ, ਪੰਜਾਬੀ ਗਲਪ ਚੇਤਨਾ, ਪੰਨਾ 83

4. ਡਾ. ਰਜਨੀਸ਼ ਬਹਾਦਰ ਸਿੰਘ, ਪੰਜਾਬੀ ਨਾਵਲ ਦਾ ਸਮਕਾਲੀ ਪਰਿਵੇਸ਼', ਪੰਜਾਬੀ ਸਾਹਿਤ: ਸਮਕਾਲੀ ਦ੍ਰਿਸ਼, ਡਾ. ਰਵਿੰਦਰ ਭੱਠਲ ਅਤੇ ਡਾ. ਸੁਰਜੀਤ ਸਿੰਘ (ਸੰਪਾ.), ਪੰਨਾ 92

5. ਡਾ. ਸਰਬਜੀਤ ਸਿੰਘ, ਵਿਸ਼ਵੀਕਰਨ, ਸਭਿਆਚਾਰਕ ਬਦਲਾਵ ਅਤੇ ਪੰਜਾਬੀ ਨਾਵਲ, ਪੰਨਾ 26

6. ਡਾ. ਸੁਰਜੀਤ ਬਰਾੜ, ਸਮਾਜਿਕ-ਸਭਿਆਚਾਰਕ ਸੰਕਟ ਦਾ ਰੁਪਾਂਤਰਣ: ਅੰਨਦਾਤਾ , ਆਧੁਨਿਕਤਾ ਅਤੇ ਪੰਜਾਬੀ ਨਾਵਲ, ਪਵਨ ਗੁਲਾਟੀ(ਸੰਪਾ.) ਪੰਨਾ 68

7. ਉਹੀ, ਪੰਨਾ 69

8. ਡਾ. ਬਲਦੇਵ ਸਿੰਘ ਧਾਲੀਵਾਲ, ਪੰਜਾਬੀ ਬਿਰਤਾਂਤਕ ਪ੍ਰਵਚਨ, ਪੰਨਾ 123-124

9. ਡਾ. ਜਸਬੀਰ ਕੇਸਰ, 'ਅੰਨਦਾਤਾ : ਪੰਜਾਬੀ ਕਿਸਾਨੀ ਦੀ ਤ੍ਰਾਸਦਿਕ ਗਾਥਾ' , ਅੰਨਦਾਤਾ: ਵਿਸ਼ਲੇਸ਼ਣ ਤੇ ਮੁਲਾਕਣ, ਪੰਨਾ 27-28

10. ਡਾ. ਸਰਬਜੀਤ ਸਿੰਘ, ਉਹੀ, ਪੰਨਾ 53



ਅਸਿਸਟੈਂਟ ਪ੍ਰੋਫੈਸਰ

ਪੰਜਾਬੀ ਅਤੇ ਡੋਗਰੀ ਵਿਭਾਗ

ਸੈਂਟਰਲ ਯੂਨੀਵਰਸਿਟੀ ਆਫ਼ ਹਿਮਾਚਲ ਪ੍ਰਦੇਸ਼ (ਧਰਮਸ਼ਾਲਾ)

ਮੋਬਾ: 94638-35412, ਈਮੇਲ: hjsgcm1980@gmail.com